@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Tuesday, 2 July 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 2 ਜੁਲਾਈ 2024, 17 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 224, qpatrika@gmail.com ਫੋਨ : 9971359517 www.qaumipatrika.org

## ਹਰਿਆਣਾ 'ਚ 6 ਹਜਾਰ ਪੁਲਸ ਕਰਮੀਆਂ ਦੀ ਹੋਵੇਗੀ ਭਰਤੀ

ਹਰਿਆਣਾ 1 ਜੁਲਾਈ। ਹਰਿਆਣਾ ਕਰਮਚਾਰੀ ਚੋਣ ਕਮਿਸ਼ਨ ਨੇ 6 ਹਜਾਰ ਅਹੁਦਿਆਂ 'ਤੇ ਪੁਲਸ ਕਾਂਸਟੇਬਲ ਦੀ ਭਰਤੀ ਕਰਨ ਦਾ ਫੈਸਲਾ ਲਿਆ ਹੈ। ਇਸ ਲਈ 8 ਜੁਲਾਈ ਤੱਕ ਅਪਲਾਈ ਕੀਤਾ ਜਾ ਸਕਦਾ ਹੈ। ਖਾਸ ਗੱਲ ਇਹ ਹੈ ਕਿ ਜੋ ਨੌਜਵਾਨ ਪਹਿਲੇ ਅਪਲਾਈ ਕਰ ਚੁੱਕੇ ਹਨ, ਉਨ੍ਹਾਂ ਨੂੰ ਦੁਬਾਰਾ ਅਪਲਾਈ ਕਰਨ ਦੀ ਲੋੜ ਨਹੀਂ ਹੈ। 5 ਹਜਾਰ ਪੁਰਸ਼ ਕਾਂਸਟੇਬਲ ਅਤੇ ਇਕ ਹਜਾਰ ਮਹਿਲਾ ਕਾਂਸਟੇਬਲ ਲਈ ਭਰਤੀ ਕੀਤੀ ਜਾਵੇਗੀ। ਉਮੀਦਵਾਰ ਦਾ 12ਵੀਂ ਪਾਸ ਹੋਣਾ ਜਰੂਰੀ ਹੈ ਅਤੇ ਉਮਰ 18 ਤੋਂ 25 ਸਾਲ ਵਿਚਾਲੇ ਹੋਣੀ ਚਾਹੀਦੀ ਹੈ। ਜਿਨ੍ਹਾਂ ਨੌਜਵਾਨਾਂ ਨੇ ਪਹਿਲੇ ਹੀ ਇਸ ਭਰਤੀ ਲਈ ਅਪਲਾਈ ਕੀਤਾ ਸੀ ਅਤੇ ਹੁਣ ਉਹ ਓਵਰਏਜ ਹੋ ਚੁੱਕੇ ਹਨ, ਉਹ ਵੀ ਇਸ ਲਈ ਅਪਲਾਈ ਕਰ ਸਕਦੇ ਹਨ। ਫੀਸ ਜਮ੍ਹਾ ਕਰਵਾਉਣ ਦੀ ਲੋੜ ਨਹੀਂ ਹੈ। ਪੀ.ਐੱਮ.ਟੀ. ਤੋਂ ਬਾਅਦ ਪੀ.ਐੱਸ.ਟੀ. ਯਾਨੀ ਫਿਜੀਕਲ ਸਕ੍ਰੀਨਿੰਗ ਟੈਸਟ ਪਾਸ ਕਰਨਾ ਹੋਵੇਗਾ। ਇਸ 'ਚ ਪੁਰਸ਼ਾਂ ਲਈ 2.5 ਕਿਲੋਮੀਟਰ ਦੀ ਦੌੜ 12 ਮਿੰਟ, ਔਰਤਾਂ ਲਈ ਇਕ ਕਿਲੋਮੀਟਰ ਦੀ ਦੌੜ 6 ਮਿੰਟ ਅਤੇ ਐਕਸ ਸਰਵਿਸਮੈਨ ਲਈ ਇਕ ਕਿਲੋਮੀਟਰ ਦੀ ਦੌੜ 5 ਮਿੰਟ 'ਚ ਪੂਰੀ ਕਰਨੀ ਹੋਵੇਗੀ। ਨਾਲੇਜ ਟੈਸਟ 94.5 ਫੀਸਦੀ ਦਾ ਹੋਵੇਗਾ। ਕੁੱਲ ਅੰਕ 100 ਹੋਣਗੇ ਅਤੇ ਨੈਗੇਟਿਵ ਮਾਰਕਿੰਗ ਨਹੀਂ ਹੋਵੇਗੀ। ਹਰ ਪ੍ਰਸ਼ਨ ਦੇ 0.945 ਅੰਕ ਹੋਣਗੇ। ਪੇਪਰ 'ਚ ਜਨਰਲ ਸਟਡੀਜ, ਜਨਰਲ ਸਾਇੰਸ, ਕਰੰਟ ਅਫੇਅਰ, ਜਨਰਲ ਰੀਜਨਿੰਗ, ਖੇਤੀਬਾੜੀ, ਪਸ਼ੂ ਪਾਲਣ, ਨਿਊਮੇਰੀਕਲ ਸਮੇਤ ਹੋਰ ਫੀਲਡ ਨਾਲ ਸੰਬੰਧਤ ਸਵਾਲ ਪੁੱਛੇ ਜਾਣਗੇ। ਕੰਪਿਊਟਰ ਦੀ ਬੇਸਿਕ ਨਾਲੇਜ ਦੇ 10 ਫੀਸਦੀ, 20 ਫੀਸਦੀ ਅੰਕ ਹਰਿਆਣਾ ਦੀ ਬੇਸਿਕ ਨਾਲੇਜ ਨਾਲ ਸੰਬੰਧਤ ਆਉਣਗੇ।

## ਜੰਮੂ ਆਧਾਰ ਕੈਂਪ ਤੋਂ 6,600 ਤੋਂ ਵੱਧ ਤੀਰਥ ਯਾਤਰੀਆਂ ਦਾ ਤੀਜਾ ਜੱਥਾ ਰਵਾਨਾ

ਜੰਮੂ 1 ਜੁਲਾਈ। ਦੱਖਣ ਕਸ਼ਮੀਰ ਹਿਮਾਲਿਆ ਸਥਿਤ ਗੁਫਾ ਮੰਦਰ ਲਈ ਜੰਮੂ 'ਚ ਭਗਵਤੀ ਨਗਰ ਆਧਾਰ ਕੈਂਪ ਤੋਂ 6,619 ਤੀਰਥ ਯਾਤਰੀਆਂ ਦਾ ਤੀਜਾ ਜੱਥਾ ਰਵਾਨਾ ਹੋਇਆ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ 52 ਦਿਨਾਂ ਦੀ ਸਾਲਾਨਾ ਅਮਰਨਾਥ ਯਾਤਰਾ ਦੇ ਪਹਿਲੇ ਦਿਨ ਕਰੀਬ 14,000 ਤੀਰਥ ਯਾਤਰੀਆਂ ਨੇ 3,880 ਮੀਟਰ ਦੀ ਉੱਚਾਈ 'ਤੇ ਸਥਿਤ ਗੁਫਾ ਮੰਦਰ 'ਚ ਬਾਬਾ ਬਰਫਾਨੀ ਦੇ

ਦਰਸ਼ਨ ਕੀਤੇ। ਇਹ ਯਾਤਰਾ ਅਨੰਤਨਾਗ 'ਚ ਪਹਿਲਗਾਮ ਅਤੇ ਗਾਂਦੇਰਬਲ ਜ਼ਿਲ੍ਹੇ 'ਚ ਬਾਲਟਾਲ ਮਾਰਗ ਤੋਂ ਸ਼ੁਰੂ ਹੋਈ। ਐਤਵਾਰ ਤੜਕੇ 3.50 ਵਜੇ ਅਤੇ 4.45 ਵਜੇ 2 ਸਮੂਹਾਂ 'ਚ ਤੀਜਾ ਜੱਥਾ 319 ਵਾਹਨਾਂ 'ਤੇ ਸਵਾਰ ਹੋ ਕੇ ਨਿਕਲਿਆ। ਤੀਜੇ ਜੱਥੇ 'ਚ 1,141 ਔਰਤਾਂ ਵੀ ਹਨ। ਅਧਿਕਾਰੀਆਂ ਨੇ ਦੱਸਿਆ ਕਿ ਤੀਰਥ ਯਾਤਰੀਆਂ ਦੇ ਕਸ਼ਮੀਰ ਲਈ ਰਵਾਨਾ ਹੋਣ ਦੇ ਸਮੇਂ ਜੰਮੂ 'ਚ ਮੀਂਹ ਪੈ ਰਿਹਾ ਸੀ। ਉਨ੍ਹਾਂ ਦੱਸਿਆ ਕਿ 3,838 ਤੀਰਥ ਯਾਤਰੀਆਂ ਨੇ ਪਹਿਲਗਾਮ ਮਾਰਗ ਅਤੇ 2,781 ਤੀਰਥ ਯਾਤਰੀਆਂ ਨੇ ਬਾਲਟਾਲ ਮਾਰਗ ਤੋਂ ਯਾਤਰਾ ਕਰਨ ਦਾ ਬਦਲ ਚੁਣਿਆ ਹੈ। ਉੱਪ ਰਾਜਪਾਲ ਮਨੋਜ ਸਿਨਹਾ ਨੇ 28 ਜੂਨ ਨੂੰ ਪਹਿਲੇ ਜੱਥੇ ਨੂੰ ਰਵਾਨਾ ਕੀਤਾ ਸੀ ਅਤੇ ਉਦੋਂ ਤੋਂ ਕੁੱਲ 13,103 ਤੀਰਥ ਯਾਤਰੀ ਜੰਮੂ ਆਧਾਰ ਕੈਂਪ ਤੋਂ ਕਸ਼ਮੀਰ ਘਾਟੀ ਲਈ ਰਵਾਨਾ ਹੋ ਚੁੱਕੇ ਹਨ। ਇਹ ਤੀਰਥ ਯਾਤਰਾ 19 ਅਗਸਤ ਨੂੰ ਸੰਪੰਨ ਹੋਵੇਗੀ। ਪਿਛਲੇ ਸਾਲ 4.5 ਲੱਖ ਸ਼ਰਧਾਲੂਆਂ ਨੇ ਬਰਫ ਨਾਲ ਬਣੇ ਸ਼ਿਵਲਿੰਗ ਦੇ ਦਰਸ਼ਨ ਕੀਤੇ ਸਨ।

## ਜੰਤਰ-ਮੰਤਰ ਵਿਖੇ ਵਿਦਿਆਰਥੀਆਂ ਦੀ ਅਣਮਿੱਥੇ ਸਮੇਂ ਦੀ ਹੜਤਾਲ ਸਮਾਪਤ

ਨਵੀਂ ਦਿੱਲੀ 1 ਜੁਲਾਈ। ਨੈਸਨਲ ਟੈਸਟਿੰਗ ਏਜੰਸੀ (-),ਪੋਸਟ ਗ੍ਰੈਜੂਏਟ ਅਤੇ ਯੂਨੀਵਰਸਿਟੀ ਗ੍ਰਾਂਟਸ ਕਮਿਸਨ ਦੇ ਰਾਸਟਰੀ ਯੋਗਤਾ ਪ੍ਰੀਖਿਆ 'ਚ ਹੋਈਆਂ ਬੇਨਿਯਮੀਆਂ ਦੇ ਖਿਲਾਫ ਸੋਮਵਾਰ ਨੂੰ ਮੰਤਰ ਵਿਖੇ ਵਿਦਿਆਰਥੀਆਂ ਦਾ ਧਰਨਾ ਸਮਾਪਤ ਹੋ ਗਿਆ। ਪਿਛਲੇ ਹਫਤੇ ਬੁੱਧਵਾਰ ਨੂੰ "ਇੰਡੀਆ ਅਗੇਂਸਟ " ਦੇ ਬੈਨਰ ਹੇਠ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਨੇ ਉਕਤ ਪ੍ਰੀਖਿਆਵਾਂ ਵਿਚ ਧਾਂਦਲੀ ਦੀਆਂ ਖਬਰਾਂ ਦੇ ਖਿਲਾਫ ਅਣਮਿੱਥੇ ਸਮੇਂ ਲਈ ਹੜਤਾਲ ਸ਼ੁਰੂ ਕਰ ਦਿੱਤੀ ਸੀ। 6ਵੇਂ ਦਿਨ ਹੜਤਾਲ ਖਤਮ ਕਰਨ ਵਾਲੇ ਵਿਦਿਆਰਥੀਆਂ ਦੀਆਂ ਮੰਗਾਂ ਵਿਚ 'ਤੇ ਪਾਬੰਦੀ ਅਤੇ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦਾ ਅਸਤੀਫਾ ਸਾਮਲ ਹੈ। ਵਿਦਿਆਰਥੀ - ਦੀ ਮੁੜ ਪ੍ਰੀਖਿਆ ਕਰਵਾਉਣ ਅਤੇ ਪੁਰਾਣੀ ਯੂਨੀਵਰਸਿਟੀ-ਵਿਸੇਸ ਦਾਖਲਾ ਪ੍ਰੀਖਿਆ ਪ੍ਰਣਾਲੀ ਨੂੰ ਬਹਾਲ ਕਰਨ ਦੀ ਵੀ ਮੰਗ ਕਰ ਰਹੇ ਸਨ। ਖੱਬੇਪੱਖੀ ਸੰਗਠਨ ਅਤੇ ਦਿੱਲੀ ਯੂਨੀਵਰਸਿਟੀ ਦੇ ਦੇ ਮੈਂਬਰ ਹੋਰ ਵਿਦਿਆਰਥੀ ਸੰਗਠਨਾਂ ਵਿਚ ਸਾਮਲ ਸਨ, ਜਿਨ੍ਹਾਂ ਨੇ ਵਿਰੋਧ ਪ੍ਰਦਰਸਨ 'ਚ ਹਿੱਸਾ ਲਿਆ। ਹੜਤਾਲ ਦੇ 6ਵੇਂ ਦਿਨ ਵਿਦਿਆਰਥੀ ਇੱਥੇ ਜੰਤਰ-ਮੰਤਰ 'ਤੇ ਇਕੱਠੇ ਹੋਏ ਅਤੇ ਸਿੱਖਿਆ ਮੰਤਰੀ ਪ੍ਰਧਾਨ ਦੇ ਅਸਤੀਫੇ ਦੀ ਮੰਗ ਕਰਦੇ ਹੋਏ ਵਿਰੁੱਧ ਨਾਅਰੇਬਾਜੀ ਕੀਤੀ। ਉਨ੍ਹਾਂ ਨੇ ਬਿਨਾਂ ਕੋਈ ਕਾਰਨ ਦੱਸੇ ਆਪਣੀ ਅਣਮਿੱਥੇ ਸਮੇਂ ਦੀ ਹੜਤਾਲ ਵਾਪਸ ਲੈ ਲਈ।

# ਰਾਹੁਲ ਗਾਂਧੀ ਨੇ ਸੰਸਦ 'ਚ ਆਖ ਦਿੱਤੀ ਅਜਿਹੀ ਗੱਲ, ਭੜਕੇ ਪ੍ਰਧਾਨ ਮੰਤਰੀ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 1 ਜੁਲਾਈ। ਸੰਸਦ ਦਾ ਸੈਸ਼ਨ ਚੱਲ ਰਿਹਾ ਹੈ। ਲੋਕ ਸਭਾ ਅਤੇ ਰਾਜ ਸਭਾ ਵਿਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਪ੍ਰਸਤਾਵ 'ਤੇ ਚਰਚਾ ਹੋ ਰਹੀ ਹੈ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਵੱਖ-ਵੱਖ ਮੁੱਦਿਆਂ 'ਤੇ ਮੋਦੀ ਸਰਕਾਰ ਨੂੰ ਘੇਰਿਆ। ਇਕ ਪਾਸੇ ਜਿੱਥੇ ਰਾਹੁਲ ਨੇ ਲੋਕ ਸਭਾ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਨੀਟ ਮੁੱਦੇ 'ਤੇ ਚਰਚਾ ਦੀ ਮੰਗ ਕੀਤੀ ਉੱਥੇ ਹੀ ਰਾਹੁਲ ਨੇ ਇਕ ਅਜਿਹਾ ਬਿਆਨ ਦੇ ਦਿੱਤਾ ਕਿ ਹੰਗਾਮਾ ਖੜ੍ਹਾ ਹੋ ਗਿਆ। ਰਾਹੁਲ ਗਾਂਧੀ ਨੇ ਭਾਜਪਾ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਆਪਣੇ ਆਪ ਨੂੰ ਹਿੰਦੂ ਕਹਾਉਣ ਵਾਲੇ ਹਮੇਸਾ 'ਹਿੰਸਾ ਅਤੇ ਨਫਰਤ ਫੈਲਾਉਣ' 'ਚ ਲੱਗੇ ਰਹਿੰਦੇ ਹਨ, ਜਿਸ 'ਤੇ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਨੇ ਸਖਤ ਵਿਰੋਧ ਕੀਤਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸਮੁੱਚੇ ਹਿੰਦੂ ਸਮਾਜ ਨੂੰ ਹਿੰਸਕ ਕਹਿਣਾ ਬਹੁਤ ਗੰਭੀਰ ਗੱਲ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਹਿੰਦੂ ਡਰ ਨਹੀਂ ਫੈਲਾ ਸਕਦਾ, ਉਨ੍ਹਾਂ ਨੇ ਸ਼ਿਵਜੀ ਦੀ ਤਸਵੀਰ ਲਹਿਰਾਈ ਅਤੇ ਨਾਲ ਹੀ ਕਿਹਾ ਕਿ ਭਾਜਪਾ ਡਰ ਫੈਲਾ ਰਹੀ ਹੈ। ਰਾਹੁਲ ਨੇ ਅੱਗੇ ਕਿਹਾ ਕਿ ਮੋਦੀ ਜੀ ਨੇ ਆਪਣੇ ਭਾਸ਼ਣ ਵਿਚ ਇਕ ਦਿਨ ਕਿਹਾ

ਕਿ ਹਿੰਦੋਸਤਾਨ ਨੇ ਕਦੇ ਕਿਸੇ 'ਤੇ ਹਮਲਾ ਨਹੀਂ ਕੀਤਾ। ਇਸ ਦਾ ਕਾਰਨ ਹੈ ਹਿੰਦੋਸਤਾਨ ਅਹਿੰਸਾ ਦਾ ਦੇਸ਼ ਹੈ, ਇਹ ਡਰਦਾ ਨਹੀਂ ਹੈ। ਮਹਾਪੁਰਖਾਂ ਨੇ ਅਹਿੰਸਾ ਅਤੇ ਨਿਡਰਤਾ ਦੀ ਗੱਲ ਕੀਤੀ ਹੈ। ਉਹ ਕਹਿੰਦੇ ਸਨ, ਨਾ ਡਰੋ, ਨਾ ਡਰਾਓ। ਸ?ਿਵਜੀ ਕਹਿੰਦੇ ਹਨ, ਨਾ ਡਰੋ, ਨਾ ਡਰਾਓ। ਉਹ ਅਹਿੰਸਾ ਦੀ ਗੱਲ ਕਰਦੇ ਹਨ। ਦੂਜੇ ਪਾਸੇ ਜੋ ਲੋਕ ਆਪਣੇ ਆਪ ਨੂੰ ਹਿੰਦੂ ਕਹਿੰਦੇ ਹਨ ਉਹ 24 ਘੰਟੇ ਹਿੰਸਾ-ਹਿੰਸਾ, ਨਫਰਤ-ਨਫਰਤ ਕਰਦੇ ਹਨ। ਤੁਸੀਂ ਹਿੰਦੂ ਹੋ ਹੀ ਨਹੀਂ। ਰਾਹੁਲ ਨੇ ਕਿਹਾ ਕਿ ਹਿੰਦੂ ਧਰਮ 'ਚ ਸਾਫ ਲਿਖਿਆ ਹੈ ਕਿ ਸੱਚ ਦਾ ਸਾਥ ਦੇਣਾ ਚਾਹੀਦਾ ਹੈ। ਰਾਹੁਲ ਦੇ ਇਸ ਬਿਆਨ 'ਤੇ ਸੱਤਾ ਪੱਖ ਦੇ ਮੈਂਬਰਾਂ ਨੇ ਹੰਗਾਮਾ ਸ਼ੁਰੂ ਕਰ ਦਿੱਤਾ। ਪ੍ਰਧਾਨ ਮੰਤਰੀ ਮੋਦੀ ਆਪਣੀ ਕੁਰਸੀ ਤੋਂ ਖੜ੍ਹੇ ਹੋਏ ਅਤੇ ਇਸ ਨੂੰ ਗੰਭੀਰ ਦੱਸਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਪੂਰੇ ਹਿੰਦੂ ਸਮਾਜ ਨੂੰ ਹਿੰਸਕ ਕਹਿਣਾ ਗੰਭੀਰ ਗੱਲ ਹੈ। ਇਸ 'ਤੇ ਰਾਹੁਲ ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਭਾਜਪਾ ਪੂਰਾ ਹਿੰਦੂ ਸਮਾਜ ਨਹੀਂ ਹੈ। ਓਧਰ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਨੇ ਜੋ ਕਿਹਾ, ਉਨ੍ਹਾਂ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਹਿੰਸਾ ਨੂੰ ਕਿਸੇ ਧਰਮ ਨਾਲ ਜੋੜਨਾ ਗਲਤ ਹੈ। ਅਮਿਤ ਸ਼ਾਹ ਨੇ ਅੱਗੇ ਕਿਹਾ ਕਿ ਰਾਹੁਲ ਨੂੰ ਦੇਸ਼ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਅਮਿਤ ਸ਼ਾਹ ਇੱਥੇ ਹੀ ਨਹੀਂ ਰੁੱਕੇ, ਉਨ੍ਹਾਂ ਨੇ ਰਾਹੁਲ ਨੂੰ ਐਮਰਜੈਂਸੀ ਦੀ ਯਾਦ ਦਿਵਾਈ। ਸ਼ਾਹ ਨੇ ਕਿਹਾ ਕਿ ਰਾਹੁਲ ਨੂੰ ਇਸ ਤਰ੍ਹਾਂ ਦੀ ਗੱਲ ਕਰਨ ਦਾ ਕੋਈ ਹੱਕ ਨਹੀਂ ਹੈ। ਐਮਰਜੈਂਸੀ ਵਿਚ ਇਨ੍ਹਾਂ ਨੇ ਪੂਰੇ ਦੇਸ਼ ਨੂੰ ਡਰਾਇਆ ਹੋਇਆ ਸੀ। ਦਿੱਲੀ 'ਚ ਦਿਨ-ਦਿਹਾੜੇ ਸਿੱਖ ਭਰਾਵਾਂ ਦਾ ਕਤਲੇਆਮ ਹੋਇਆ। ਵਿਰੋਧੀ ਧਿਰ ਦੇ ਨੇਤਾ ਰਾਹੁਲ ਨੂੰ ਸਦਨ ਵਿਚ ਪੂਰੇ ਦੇਸ਼ ਤੋਂ ਮੁਆਫੀ ਮੰਗਣੀ ਚਾਹੀਦੀ ਹੈ।

## ਜਨਰਲ ਉਪੇਂਦਰ ਦਿਵੇਦੀ ਨੇ ਸੰਭਾਲਿਆ ਨਵੇਂ ਫੌਜ ਮੁਖੀ ਦਾ ਅਹੁਦਾ

ਏਜੰਸੀਆਂ

ਨਵੀਂ ਦਿੱਲੀ 1 ਜੁਲਾਈ। ਜਨਰਲ ਉਪੇਂਦਰ ਦਿਵੇਦੀ ਨੇ ਐਤਵਾਰ ਨੂੰ 30ਵੇਂ ਫੌਜ ਮੁਖੀ ਵਜੋਂ ਅਹੁਦਾ ਸੰਭਾਲਿਆ। ਉਨ੍ਹਾਂ ਨੇ ਜਨਰਲ ਪਾਂਡੇ ਦੇ ਸਥਾਨ ਲਿਆ ਹੈ। ਜਨਰਲ ਦਿਵੇਦੀ ਨੂੰ ਚੀਨ ਅਤੇ ਪਾਕਿਸਤਾਨ ਨਾਲ ਲੱਗਦੀਆਂ ਸਰਹੱਦਾਂ 'ਤੇ ਕੰਮ ਕਰਨ ਦਾ ਵਿਆਪਕ ਅਨੁਭਵ ਹੈ। ਉਹ ਉੱਪ ਫੌਜ ਮੁਖੀ ਵਜੋਂ ਵੀ ਕੰਮ ਕਰ ਚੁੱਕੇ ਹਨ। ਜਨਰਲ ਦਿਵੇਦੀ 19 ਫਰਵਰੀ ਨੂੰ ਫੌਜ ਦੇ ਉੱਪ ਮੁਖੀ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ 2022-24 ਤੱਕ ਉੱਤਰੀ ਕਮਾਨ ਦੇ ਜਨਰਲ ਅਫਸਰ ਕਮਾਂਡਿੰਗ-ਇਨ-ਚੀਫ ਰਹੇ ਸਨ। ਉਨ੍ਹਾਂ ਨੇ 13 ਲੱਖ ਜਵਾਨਾਂ ਵਾਲੀ ਫੌਜ ਦੀ ਕਮਾਨ ਅਜਿਹੇ ਸਮੇਂ ਸੰਭਾਲੀ ਹੈ, ਜਦੋਂ ਭਾਰਤ ਚੀਨ ਨਾਲ ਅਸਲ ਕੰਟਰੋਲ ਰੇਖਾ 'ਤੇ ਚੁਣੌਤੀਆਂ ਸਮੇਤ ਕਈ ਸੁਰੱਖਿਆ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਫੌਜ ਮੁਖੀ ਵਜੋਂ ਉਨ੍ਹਾਂ ਨੂੰ ਏਕੀਕ੍ਰਿਤ ਕਮਾਨ ਸ਼ੁਰੂ ਕਰਨ ਦੀ ਸਰਕਾਰ ਦੀ ਮਹੱਤਵਪੂਰਨ ਯੋਜਨਾ 'ਤੇ ਜਲ ਸੈਨਾ ਅਤੇ ਭਾਰਤੀ ਹਵਾਈ ਫੌਜ ਨਾਲ ਵੀ ਤਾਲਮੇਲ ਬਣਾਉਣਾ ਪਵੇਗਾ। ਰੀਵਾ ਦੇ ਸੈਨਿਕ ਸਕੂਲ ਦੇ ਵਿਦਿਆਰਥੀ ਰਹੇ ਜਨਰਲ ਦਿਵੇਦੀ 15 ਦਸੰਬਰ 1984 ਨੂੰ ਭਾਰਤੀ ਫੌਜ ਦੀ 18 ਜੰਮੂ

ਕਸ਼ਮੀਰ ਰਾਈਫਲਜ 'ਚ ਸ਼ਾਮਲ ਹੋਏ ਸਨ। ਉਨ੍ਹਾਂ ਨੇ ਬਾਅਦ 'ਚ ਇਸ ਇਕਾਈ ਦੀ ਕਮਾਨ ਵੀ ਸੰਭਾਲੀ। ਕਰੀਬ 40 ਸਾਲ ਦੇ ਆਪਣੇ ਲੰਬੇ ਅਤੇ ਅਸਾਧਾਰਣ ਕਰੀਅਰ 'ਚ ਉਹ ਵੱਖ-ਵੱਖ ਅਹੁਦਿਆਂ 'ਤੇ ਰਹੇ। ਉਨ੍ਹਾਂ ਨੂੰ ਪਰਮ ਵਿਸ਼ੇਸ਼ ਸੇਵਾ ਤਮਗਾ ਅਤੇ ਬੇਹੱਦ ਵਿਸ਼ੇਸ਼ ਸੇਵਾ ਤਮਗੇ ਨਾਲ ਸਨਮਾਨਤ ਕੀਤਾ ਜਾ ਚੁੱਕਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਉੱਤਰੀ ਕਮਾਨ ਦੇ ਕਮਾਂਡਰ ਵਜੋਂ ਜਨਰਲ ਦਿਵੇਦੀ ਨੇ ਜੰਮੂ ਕਸ਼ਮੀਰ 'ਚ ਅੱਤਵਾਦ ਵਿਰੋਧੀ ਮੁਹਿੰਮਾਂ ਦੇ ਸੰਚਾਲਣ ਤੋਂ ਇਲਾਵਾ, ਉੱਤਰੀ ਅਤੇ ਪੱਛਮੀ ਸਰਹੱਦਾਂ 'ਤੇ ਮੁਹਿੰਮ ਦੇ ਸੰਚਾਲਣ ਦੀ ਯੋਜਨਾ ਅਤੇ ਲਾਗੂ ਕਰਨ ਲਈ ਰਣਨੀਤਕ ਮਾਰਗ ਦਰਸ਼ਨ ਪ੍ਰਦਾਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਜਨਰਲ ਦਿਵੇਦੀ ਸਰਹੱਦ ਵਿਵਾਦ ਨੂੰ ਹੱਲ ਕਰਨ 'ਚ ਚੀਨ ਨਾਲ ਜਾਰੀ ਗੱਲਬਾਤ 'ਚ ਸਰਗਰਮ ਰੂਪ ਨਾਲ ਸ਼ਾਮਲ ਰਹੇ। ਉਹ ਭਾਰਤੀ ਫੌਜ ਦੀ ਸਭ ਤੋਂ ਵੱਡੀ ਫੌਜ ਕਮਾਨ ਦੇ ਆਧੁਨਿਕੀਕਰਨ 'ਚ ਵੀ ਸ਼ਾਮਲ ਰਹੇ। ਉਨ੍ਹਾਂ ਨੇ 'ਆਤਮਨਿਰਭਰ ਭਾਰਤ' ਦੇ ਅਧੀਨ ਸਵਦੇਸ਼ੀ ਹਥਿਆਰਾਂ ਨੂੰ ਅਪਣਾਉਣ ਦੀ ਮੁਹਿੰਮ ਦੀ ਅਗਵਾਈ ਕੀਤੀ।

## ਐਕਸੀਸ ਬੈਂਕ 'ਚ ਡਾਕਾ, 10 ਹਥਿਆਰਬੰਦ ਲੁੱਟ ਲੈ ਗਏ 45 ਲੱਖ ਰੁਪਏ !

ਪਟਨਾ, 1 ਜੁਲਾਈ। ਸੇਖਪੁਰਾ 'ਚ ਸੋਮਵਾਰ ਨੂੰ ਦਿਨ ਦਿਹਾੜੇ ਬੈਂਕ 'ਚ ਡਾਕਾ ਵੱਜਾ ਹੈ। ਤਕਰੀਬਨ 10 ਬਦਮਾਸ਼ ਬਾਰਬੀਘਾ ਦੇ ਸ੍ਰੀ ਕ੍ਰਿਸਨਾ ਚੌਕ ਸਥਿਤ ਐਕਸਿਸ ਬੈਂਕ 'ਚ ਦਾਖਲ ਹੋਏ। ਬੈਂਕ ਕਰਮਚਾਰੀਆਂ ਨੂੰ ਜਦੋਂ ਸੱਕ ਹੋਇਆ ਤਾਂ ਬਦਮਾਸਾਂ ਨੇ ਹਥਿਆਰ ਕੱਢ ਲਏ ਅਤੇ ਸਾਰਿਆਂ ਨੂੰ ਬੰਧਕ ਬਣਾ ਲਿਆ। ਇਸ ਤੋਂ ਬਾਅਦ ਕੈਸ ਕਾਊਂਟਰ ਅਤੇ ਲਾਕਰ ਵਿਚ ਰੱਖੀ ਲਗਭਗ ਸਾਰੀ ਨਕਦੀ ਲੁੱਟ ਲਈ ਗਈ। ਇੰਨਾ ਹੀ ਨਹੀਂ ਬਦਮਾਸਾਂ ਨੇ ਬੈਂਕ ਦੇ ਅੰਦਰ ਗਾਹਕਾਂ ਨੂੰ ਵੀ ਲੁੱਟਿਆ। ਕੁੱਲ 45 ਲੱਖ ਰੁਪਏ ਦੀ ਲੁੱਟ ਦਾ ਮਾਮਲਾ ਸਾਹਮਣੇ ਆ ਰਿਹਾ ਹੈ। ਦੂਜੇ ਪਾਸੇ, ਘਟਨਾ ਤੋਂ ਬਾਅਦ ਇਲਾਕੇ 'ਚ ਸਨਸਨੀ ਫੈਲ ਗਈ। ਆਸ-ਪਾਸ ਲੋਕਾਂ ਦੀ ਬੈਂਕ ਬਾਹਰ ਭੀੜ ਸੀ। ਸੂਚਨਾ ਮਿਲਦੇ ਹੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਦੋਸੀਆਂ ਦੀ ਪਛਾਣ ਕਰਨ ਲਈ ਸੀ. ਸੀ. ਟੀ. ਵੀ. ਫੁਟੇਜ ਦੀ ਜਾਂਚ ਕਰ ਰਹੀ ਹੈ। ਪੁਲਸ ਮੁਤਾਬਕ ਬੈਂਕ 'ਚ ਪਏ ਡਾਕੇ ਦੌਰਾਨ ਕੁਲ ਕਿੰਨੀ ਰਕਮ ਲੁੱਟੀ ਗਈ ਹੈ? ਇਸ ਦੀ ਅਜੇ ਜਾਂਚ ਕੀਤੀ ਜਾ ਰਹੀ ਹੈ। ਸੀ. ਸ

# ਮੋਹਾਲੀ 'ਚ ਫਰਜੀ ਕਾਲ ਸੈਂਟਰ ਦਾ ਪਰਦਾਫਾਸ਼

ਮੋਹਾਲੀ 1 ਜੁਲਾਈ। ਫਰਜ਼ੀ ਕਾਲ ਸੈਂਟਰ ਦੀ ਆੜ 'ਚ ਵਿਦੇਸ਼ੀ ਨਾਗਰਿਕਾਂ ਦੇ ਪੇ-ਪਾਲ ਖਾਤਿਆਂ 'ਚੋਂ ਪੈਸੇ ਕੱਢਵਾਉਣ ਵਾਲੇ ਗਿਰੋਹ ਦਾ ਪਰਦਾਫਾਸ਼ ਕਰਦੇ ਹੋਏ ਪੁਲਸ ਨੇ 37 ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮਾਂ ਨੇ ਇੰਡਸਟਰੀਅਲ ਏਰੀਆ ਫੇਜ਼-8 ਸਥਿਤ ਕੈਲਾਸ਼ ਟਾਵਰ 'ਚ ਫਰਜ਼ੀ ਕਾਲ ਸੈਂਟਰ ਖੋਲ੍ਹਿਆ ਸੀ, ਜਿਸ ਦੀ ਆੜ 'ਚ ਲੋਕਾਂ ਦੇ ਖਾਤੇ ਖਾਲੀ ਕੀਤੇ ਜਾ ਰਹੇ ਸਨ। ਮੁਲਜ਼ਮਾਂ 'ਚੋਂ 25 ਪੁਰਸ਼ ਤੇ 12 ਔਰਤਾਂ ਹਨ। ਪੁਲਸ ਨੇ ਇਨ੍ਹਾਂ ਦੇ ਦਫਤਰ ਤੋਂ 45 ਲੈਪਟਾਪ, 45 ਹੈੱਡਫੋਨ ਮਾਈਕ, 59 ਮੋਬਾਇਲ, ਜਿਨ੍ਹਾਂ 'ਚੋਂ 23 ਦਫਤਰੀ ਤੇ 36 ਨਿੱਜੀ ਹਨ ਅਤੇ ਦਿੱਲੀ ਨੰਬਰ ਦੀ ਮਰਸਡੀਜ਼ ਕਾਰ ਬਰਾਮਦ ਕੀਤੀ ਹੈ। ਫੇਜ਼-1 ਥਾਣੇ ਦੀ ਪੁਲਸ ਨੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਐੱਸ. ਐੱਸ. ਪੀ. ਸੰਦੀਪ ਕੁਮਾਰ ਗਰਗ ਅਨੁਸਾਰ ਗੁਪਤ ਸੂਚਨਾ ਮਿਲੀ ਸੀ ਕਿ ਇੰਡਸਟਰੀਅਲ ਏਰੀਆ ਫੇਜ਼-8 ਸਥਿਤ ਕੈਲਾਸ਼ ਟਾਵਰ ਦੇ ਇਕ ਫਲੋਰ 'ਤੇ ਜਾਅਲੀ ਕਾਲ ਸੈਂਟਰ ਚਲਾਇਆ ਜਾ ਰਿਹਾ ਹੈ। ਇੱਥੇ ਵਿਦੇਸ਼ੀ ਨਾਗਰਿਕਾਂ ਦੇ ਪੇ-ਪਾਲ ਖਾਤਿਆਂ 'ਚੋਂ ਧੋਖੇਬਾਜ਼ ਲੋਕ ਪੈਸੇ ਕੱਢਵਾ ਰਹੇ ਹਨ। ਡੀ. ਐੱਸ. ਪੀ. ਸਿਟੀ 1 ਮੋਹਿਤ ਅਗਰਵਾਲ, ਫੇਜ਼-1 ਥਾਣਾ ਇੰਚਾਰਜ ਸੁਖਬੀਰ ਸਿੰਘ ਤੇ ਇੰਡਸਟਰੀਅਲ ਫੇਜ਼-8 ਚੌਕੀ ਇੰਚਾਰਜ ਅਭਿਸ਼ੇਕ ਸ਼ਰਮਾ ਦੀ ਨਿਗਰਾਨੀ ਹੇਠ ਟੀਮ ਨੇ ਵੈੱਬਟੈਪ ਪ੍ਰਾਈਵੇਟ ਲਿਮਟਿਡ ਦੇ ਨਾਮ ਦੇ ਕਾਲ ਸੈਂਟਰ 'ਤੇ ਛਾਪਾ ਮਾਰਿਆ ਤੇ ਸਾਰੇ ਮੁਲਜ਼ਮਾਂ ਨੂੰ ਮੌਕੇ 'ਤੇ ਕਾਬੂ ਕਰ ਲਿਆ। ਜਾਂਚ 'ਚ ਸਾਹਮਣੇ ਆਇਆ ਹੈ ਕਿ ਫਰਜ਼ੀ ਕਾਲ ਸੈਂਟਰ ਦੇ ਮੁਲਾਜ਼ਮ ਪਹਿਲਾਂ ਵਿਦੇਸ਼ੀ ਨਾਗਰਿਕਾਂ ਦੇ ਬੈਂਕ ਖਾਤਿਆਂ ਨਾਲ ਜੁੜੀ ਜਾਣਕਾਰੀ ਇਕੱਠੀ ਕਰਦੇ ਸਨ

ਅਤੇ ਉਨ੍ਹਾਂ ਨੂੰ ਈ-ਮੇਲ ਭੇਜਦੇ ਸਨ। ਮੇਲ 'ਚ ਚਿਤਾਵਨੀ ਦਿੱਤੀ ਜਾਂਦੀ ਸੀ ਕਿ ਤੁਹਾਡੇ ਪੇ-ਪਾਲ ਖਾਤੇ ਤੋਂ ਲੈਣ-ਦੇਣ ਕੀਤਾ ਗਿਆ ਹੈ। ਨਾਲ ਹੀ ਖਾਤਾ ਧਾਰਕ ਨੂੰ ਸਲਾਹ ਦਿੱਤੀ ਜਾਂਦੀ ਸੀ ਕਿ ਜੇਕਰ ਉਹ ਲੈਣ-ਦੇਣ ਨੂੰ ਰੋਕਣਾ ਚਾਹੁੰਦੇ ਹਨ ਤਾਂ ਕਸਟਮਰ ਕੇਅਰ ਨੂੰ ਫ਼ੋਨ ਕਰਨ। ਕਸਟਮਰ ਕੇਅਰ ਨੰਬਰ ਵੀ ਫਰਜ਼ੀ ਸੀ। ਜਿਵੇਂ ਹੀ ਖਾਤਾ ਧਾਰਕ ਕਸਟਮਰ ਕੇਅਰ 'ਤੇ ਗੱਲ ਕਰਦਾ ਸੀ ਤੇ ਦੂਜੇ ਪਾਸੇ ਵਿਅਕਤੀ ਖਾਤਾ ਧਾਰਕ ਨੂੰ ਵਿਦੇਸ਼ੀ ਨਾਗਰਿਕ ਨਾਲ ਜੋੜਦਾ ਸੀ ਅਤੇ ਕਹਿੰਦਾ ਸੀ ਕਿ ਖਾਤੇ ਤੋਂ ਗਲਤ ਟ੍ਰਾਂਜੈਕਸ਼ਨਾਂ ਨੂੰ ਰੋਕਣਾ ਹੈ ਤਾਂ ਇਕ ਗਿਫਟ ਕਾਰਡ ਓਨੇ ਹੀ ਪੈਸਿਆਂ ਦਾ ਖ਼ਰੀਦ ਲਵੋ, ਜਿੰਨੇ ਦੀ ਟ੍ਰਾਂਜੈਕਸ਼ਨ ਹੋਈ ਹੈ। ਜਦੋਂ ਕੋਈ ਵਿਦੇਸ਼ੀ ਨਾਗਰਿਕ ਜਾਲ 'ਚ ਫਸ ਜਾਂਦਾ ਸੀ ਤਾਂ ਉਨ੍ਹਾਂ ਤੋਂ ਗਿਫ਼ਟ ਕਾਰਡ ਖਰੀਦਣ ਦਾ ਕੋਡ ਪ੍ਰਾਪਤ ਕਰਕੇ ਪੇ-ਪਾਲ ਖਾਤੇ 'ਚੋਂ ਪੈਸੇ ਕੱਢ ਲੈਂਦੇ ਸਨ। ਪੁਲਸ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਕੇਵਿਨ ਪਟੇਲ ਤੇ ਪ੍ਰਤੀਕ ਗਿਰੋਹ ਦੇ ਸਰਗਨਾ ਹਨ। ਦੱਸਿਆ ਗਿਆ ਕਿ ਪੁਲਸ ਵੱਲੋਂ ਮੁਲਜ਼ਮਾਂ ਤੋਂ ਅੰਤਰਰਾਸ਼ਟਰੀ ਪੱਧਰ 'ਤੇ ਕੀਤੀ ਜਾ ਰਹੀ ਧੋਖਾਧੜੀ ਬਾਰੇ ਜਾਣਕਾਰੀ ਹਾਸਲ ਕਰਨ ਲਈ ਦੋਹਾਂ ਦਾ ਰਿਮਾਂਡ ਹਾਸਲ ਕੀਤਾ ਜਾਵੇਗਾ। ਇਸ ਦੌਰਾਨ ਪੁਲਸ ਮੁਲਜ਼ਮਾਂ ਤੋਂ ਪੂਰੇ ਕਾਂਡ ਸਬੰਧੀ ਬਾਰੀਕੀ ਨਾਲ ਪੁੱਛਗਿੱਛ ਕਰ ਇਸ ਗੱਲ ਦਾ ਪਤਾ ਲਾਵੇਗੀ ਕਿ ਉਨ੍ਹਾਂ ਨੇ ਹੁਣ ਤੱਕ ਕਿੰਨੇ ਵਿਦੇਸ਼ੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਇਆ ਹੈ ਅਤੇ ਕਿੰਨੇ ਪੈਸੇ ਦੀ ਧੋਖਾਧੜੀ ਕੀਤੀ ਹੈ। ਇਹ ਵੀ ਪਤਾ ਲਗਾਇਆ ਜਾਵੇਗਾ ਕਿ ਅਜਿਹੇ ਫਰਜ਼ੀ ਕਾਲ ਸੈਂਟਰ ਕਿਸੇ ਹੋਰ ਥਾਂ 'ਤੇ ਖੋਲ੍ਹੇ ਹਨ ਜਾਂ ਨਹੀਂ। ਇਸ ਤਰ੍ਹਾਂ ਮੁਲਜ਼ਮਾਂ ਕੋਲੋਂ ਕੌਮਾਂਤਰੀ ਪੱਧਰ ਦੀ ਧੋਖਾਧੜੀ ਸਬੰਧੀ ਲੋੜੀਂਦੀ ਜਾਣਕਾਰੀ ਹਾਸਲ ਕੀਤੀ ਜਾਵੇਗੀ। ਮੋਹਾਲੀ 'ਚ ਚਲਾਏ ਜਾਅਲੀ ਕਾਲ ਸੈਂਟਰਾਂ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ ਕਿ ਵਿਦੇਸ਼ੀ ਨਾਗਰਿਕਾਂ ਦੇ ਪੇ-ਪਾਲ ਖਾਤਿਆਂ 'ਚੋਂ ਧੋਖਾਧੜੀ ਹੋਈ ਹੋਵੇ। ਹਾਲ ਹੀ 'ਚ ਸਟੇਟ ਸਾਈਬਰ ਸੈੱਲ ਨੇ ਸੈਕਟਰ 74 'ਚ ਚਲਾਏ ਜਾ ਰਹੇ ਦੋ ਫਰਜ਼ੀ ਕਾਲ ਸੈਂਟਰਾਂ ਦਾ ਖੁਲਾਸਾ ਕਰਦੇ ਹੋਏ ਮਾਮਲਾ ਦਰਜ ਕਰ 155 ਮੁਲਾਜ਼ਮਾਂ ਨੂੰ ਗ੍ਰਿਫਤਾਰ ਕੀਤਾ ਸੀ। ਪੁਲਸ ਨੇ ਮੁਲਜ਼ਮਾਂ ਕੋਲੋਂ 79 ਡੈਸਕਟਾਪ ਤੇ 204 ਲੈਪਟਾਪ ਬਰਾਮਦ ਕੀਤੇ ਸਨ।

## ਕਤਲ ਲਈ 302 ਨਹੀਂ 103, ਅੱਜ ਤੋਂ ਬਦਲ ਗਿਆ ਕਾਨੂੰਨ, ਜਾਣੋ ਹਰ ਅਪਡੇਟ

ਜਲੰਧਰ, 1 ਜੁਲਾਈ। 1 ਜੁਲਾਈ ਤੋਂ ਦੇਸ਼ ਅੰਦਰ ਤਿੰਨ ਨਵੇਂ ਅਪਰਾਧਿਕ ਕਾਨੂੰਨ ਲਾਗੂ ਹੋ ਗਏ ਹਨ। ਕਾਨੂੰਨ ਦੇ ਇਹ ਕੋਡ ਭਾਰਤੀ ਸਿਵਲ ਡਿਫੈਂਸ ਕੋਡ (), ਭਾਰਤੀ ਨਿਆਂਇਕ ਸੰਹਿਤਾ () ਅਤੇ ਭਾਰਤੀ ਸਬੂਤ ਐਕਟ () ਹਨ। ਨਵੇਂ ਕਾਨੂੰਨਾਂ 'ਚ ਕੁਝ ਧਾਰਾਵਾਂ ਨੂੰ ਹਟਾ ਕੇ ਕੁਝ ਨਵੀਆਂ ਧਾਰਾਵਾਂ ਜੋੜੀਆਂ ਗਈਆਂ ਹਨ। ਕਾਨੂੰਨ ਵਿੱਚ ਨਵੀਆਂ ਧਾਰਾਵਾਂ ਸਾਮਲ ਹੋਣ ਤੋਂ ਬਾਅਦ ਆਮ ਲੋਕਾਂ ਦੇ ਨਾਲ-ਨਾਲ ਪੁਲਸ, ਵਕੀਲਾਂ ਅਤੇ ਅਦਾਲਤਾਂ ਦੇ ਕੰਮਕਾਜ ਵਿੱਚ ਵੀ ਕਾਫੀ ਬਦਲਾਅ ਆ ਜਾਵੇਗਾ। ਨਵੇਂ ਕਾਨੂੰਨ ਦਾ ਉਨ੍ਹਾਂ ਕੇਸਾਂ ਦੀ ਜਾਂਚ ਅਤੇ ਸੁਣਵਾਈ 'ਤੇ ਕੋਈ ਅਸਰ ਨਹੀਂ ਪਵੇਗਾ ਜੋ 1 ਜੁਲਾਈ ਤੋਂ ਪਹਿਲਾਂ ਦਰਜ ਕੀਤੇ ਗਏ ਸਨ। 1 ਜੁਲਾਈ ਤੋਂ ਸਾਰੇ ਅਪਰਾਧ ਨਵੇਂ ਕਾਨੂੰਨ ਤਹਿਤ ਦਰਜ ਕੀਤੇ ਜਾਣਗੇ। ਅਦਾਲਤਾਂ ਵਿੱਚ ਪੁਰਾਣੇ ਕੇਸਾਂ ਦੀ ਸੁਣਵਾਈ ਪੁਰਾਣੇ ਕਾਨੂੰਨ ਤਹਿਤ ਹੀ ਹੋਵੇਗੀ। ਨਵੇਂ ਕਾਨੂੰਨ ਦੇ ਦਾਇਰੇ ਵਿੱਚ ਨਵੇਂ ਕੇਸਾਂ ਦੀ ਜਾਂਚ ਅਤੇ ਸੁਣਵਾਈ ਕੀਤੀ ਜਾਵੇਗੀ। ਅਪਰਾਧਾਂ ਲਈ ਪ੍ਰਚਲਿਤ ਧਾਰਾਵਾਂ ਹੁਣ ਬਦਲ ਗਈਆਂ ਹਨ, ਇਸ ਲਈ ਅਦਾਲਤ, ਪੁਲਸ ਅਤੇ ਪ੍ਰਸਾਸਨ ਨੂੰ ਵੀ ਨਵੀਂ ਧਾਰਾਵਾਂ ਦਾ ਅਧਿਐਨ ਕਰਨਾ ਹੋਵੇਗਾ। ਲਾਅ ਦੇ ਵਿਦਿਆਰਥੀਆਂ ਨੂੰ ਵੀ ਹੁਣ ਆਪਣੇ ਗਿਆਨ ਨੂੰ ਅਪਡੇਟ ਕਰਨਾ ਹੋਵੇਗਾ।

## ਝੂਠੇ ਜਬਰ-ਜਿਨਾਹ ਦੇ ਕੇਸ 'ਚ ਫਸਾ ਕੇ ਪੈਸੇ ਠੱਗਣ ਵਾਲੀ ਔਰਤ ਤੇ ਉਸਦਾ ਪਤੀ ਗ੍ਰਿਫਤਾਰ

ਫਾਜ਼ਿਲਕਾ 1 ਜੁਲਾਈ। ਜ਼ਿਲ੍ਹਾ ਫਾਜ਼ਿਲਕਾ ਪੁਲਸ ਨੇ ਫਾਜ਼ਿਲਕਾ ਦੀ ਐੱਸ. ਐੱਸ. ਪੀ. ਡਾ. ਪ੍ਰੱਗਿਆ ਜੈਨ ਦੀ ਅਗਵਾਈ ਹੇਠ ਇੰਸਪੈਕਟਰ ਵੀਰਾ ਰਾਣੀ ਇੰਚਾਰਜ ਵੂਮੈਨ ਸੈੱਲ ਵੱਲੋਂ ਝੂਠੇ ਜਬਰ-ਜਨਿਾਹ ਕੇਸ 'ਚ ਫਸਾ ਕੇ ਪੈਸੇ ਠੱਗਣ ਵਾਲੀ ਔਰਤ ਅਤੇ ਉਸਦੇ ਪਤੀ ਨੂੰ 90 ਹਜਾਰ ਦੀ ਰਾਸ਼ੀ ਸਮੇਤ ਕਾਬੂ ਕਰ ਲਿਆ ਹੈ। 26 ਜੂਨ ਨੂੰ ਸਥਾਨਕ ਧੀਂਗੜਾ ਕਾਲੋਨੀ ਵਾਸੀ ਰੇਸ਼ਮਾ ਰਾਣੀ ਨੇ ਬਿਆਨ ਦਰਜ ਕਰਵਾਇਆ ਸੀ ਕਿ ਰੇਖਾ ਰਾਣੀ ਵਾਸੀ ਫਾਜ਼ਿਲਕਾ ਨੇ ਆਪਣੀ ਨਾਬਾਲਗ ਕੁੜੀ ਨਾਲ ਉਸਦੇ ਨਾਬਾਲਗ ਮੁੰਡੇ ਵਲੋਂ ਜਬਰ-ਜਨਿਾਹ ਕਰਨ ਦਾ ਮਾਮਲਾ ਇਸ ਸਾਲ 13 ਮਈ ਨੂੰ

ਦਰਜ ਕਰਵਾਇਆ ਸੀ। ਇਸ ਮਾਮਲੇ 'ਚ ਉਸਦਾ ਪੁੱਤਰ ਸੁਧਾਰ ਘਰ ਫਰੀਦਕੋਟ ਵਿਖੇ ਬੰਦ ਹੈ। ਰੇਖਾ ਰਾਣੀ ਅਤੇ ਉਸਦਾ ਪਤੀ ਮਹਿੰਦਰ ਪਾਲ ਰੇਸ਼ਮਾ ਰਾਣੀ ਦੇ ਭਤੀਜੇ ਛਿੰਦਰ ਪਾਲ ਨਾਲ ਮਿਹਨਤ-ਮਜ਼ਦੂਰੀ ਕਰਦੇ ਸਨ। ਉਹ ਛਿੰਦਰ ਪਾਲ 'ਤੇ ਦਬਾਅ ਪਾਉਂਦੇ ਸਨ ਕਿ ਰੇਸ਼ਮਾ ਰਾਣੀ ਮਾਮਲੇ 'ਚ ਰਾਜੀਨਾਮਾ ਕਰਨ ਅਤੇ ਮੁੰਡੇ ਨੂੰ ਬਰੀ ਕਰਵਾਉਣ ਲਈ ਉਨ੍ਹਾਂ ਨੂੰ 2 ਲੱਖ ਰੁਪਏ ਦੇਵੇ। ਬਾਅਦ 'ਚ 90 ਹਜਾਰ 'ਚ ਗੱਲ ਮੁੱਕ ਗਈ। ਰੇਸ਼ਮਾ ਰਾਣੀ ਨੇ ਦੱਸਿਆ ਕਿ ਜਦੋਂ ਉਹ 90 ਹਜਾਰ ਰੁਪਏ ਲੈ ਕੇ ਡੀ.ਸੀ. ਫਾਜ਼ਿਲਕਾ ਦਫ਼ਤਰ ਵਿਖੇ ਟਾਈਪਿਸਟ ਦੀ ਦੁਕਾਨ 'ਤੇ ਰਾਜੀਨਾਮਾ ਲਿਖਾਉਣ ਲਈ ਪੁੱਜੇ ਤਾਂ ਪੁਲਸ ਨੇ ਉੱਥੇ ਰੇਖਾ ਰਾਣੀ ਅਤੇ ਉਸਦੇ ਪਤੀ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਨੇ ਇਸ ਮਾਮਲੇ 'ਚ ਥਾਣਾ ਸਿਟੀ ਫਾਜ਼ਿਲਕਾ 'ਚ ਪਤੀ-ਪਤਨੀ ਖਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਸ ਵਲੋਂ ਦੋਵਾਂ ਦਾ ਇਕ ਦਿਨ ਦਾ ਪੁਲਸ ਰਿਮਾਂਡ ਹਾਸਲ ਕਰ ਕੇ ਅਗਲੇਰੀ ਪੁੱਛ-ਗਿੱਛ ਕੀਤੀ ਜਾ ਰਹੀ ਹੈ।

## ਫਿਰੋਜ਼ਪੁਰ 'ਚ ਵਾਪਰੇ ਦਰਦਨਾਕ ਹਾਦਸੇ ਦੌਰਾਨ ਵਿਅਕਤੀ ਦੀ ਮੌਤ

ਫਿਰੋਜ਼ਪੁਰ 1 ਜੁਲਾਈ। ਫਿਰੋਜ਼ਪੁਰ ਛਾਉਣੀ ਬੱਸ ਸਟੈਂਡ ਨੇੜੇ ਲਾਈਟਾਂ ਵਾਲੇ ਚੌਕ 'ਚ ਅੱਜ ਤੇਜ਼ ਰਫ਼ਤਾਰ ਅਤੇ ਲਾਪਰਵਾਹੀ ਨਾਲ ਆ ਰਹੇ ਇਕ ਵੱਡੇ ਟਰੱਕ-ਟਰਾਲੇ ਨੇ ਇਕ ਵਿਅਕਤੀ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ। ਇਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਦੱਸਿਆ ਜਾਂਦਾ ਹੈ ਕਿ ਲਾਈਟਾਂ ਵਾਲੇ ਚੌਕ 'ਤੇ ਪਿਛਲੇ ਕਈ ਦਿਨਾਂ ਤੋਂ ਟ੍ਰੈਫਿਕ ਪੁਲਸ ਦਾ ਕੋਈ ਮੁਲਾਜਮ ਨਹੀਂ ਸੀ ਅਤੇ ਟਰੱਕ-ਟਰਾਲੇ ਦਾ ਡਰਾਈਵਰ ਇਸ ਵਿਅਕਤੀ ਨੂੰ ਕੁਚਲ ਕੇ ਉਥੋਂ ਤੁਰੰਤ ਫਰਾਰ ਹੋ ਗਿਆ। ਮ੍ਰਿਤਕ ਦਾ ਨਾਂ ਵੇਦ ਪ੍ਰਕਾਸ਼ ਗੁਪਤਾ ਸੇਵਾਮੁਕਤ ਅਧਿਕਾਰੀ ਦੱਸਿਆ ਜਾਂਦਾ ਹੈ। ਘਟਨਾ ਦਾ ਪਤਾ ਚੱਲਦੇ ਹੀ ਪੁਲਸ ਮੌਕੇ 'ਤੇ ਪਹੁੰਚ ਗਈ ਅਤੇ ਪੁਲਸ ਵੱਲੋਂ ਟਰੱਕ ਨੂੰ ਕਬਜ਼ੇ 'ਚ ਲੈ ਲਿਆ ਗਿਆ ਹੈ ਅਤੇ ਟਰੱਕ ਚਾਲਕ ਨੂੰ ਕਾਬੂ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ।

## ਪੰਜਾਬ ਪੁਲਸ ਦਾ ਅਹਿਮ ਫੈਸਲਾ, ਸਾਰੇ ਟੋਲ ਪਲਾਜਿਆਂ 'ਤੇ ਲੱਗਣਗੇ ਸਥਾਈ ਨਾਕੇ

ਚੰਡੀਗੜ੍ਹ 1 ਜੁਲਾਈ। ਸ਼ਰਾਬ ਪੀ ਕੇ ਡਰਾਈਵਿੰਗ ਕਰਨ ਵਾਲਿਆਂ ਨੂੰ ਰੋਕਣ ਲਈ ਪੰਜਾਬ ਪੁਲਸ ਕੌਮੀ ਅਤੇ ਰਾਜ ਮਾਰਗਾਂ ਦੇ ਸਾਰੇ ਟੋਲ ਪਲਾਜਿਆਂ 'ਤੇ ਸਥਾਈ ਨਾਕੇ ਸਥਾਪਿਤ ਕਰਨ 'ਤੇ ਵਿਚਾਰ ਕਰ ਰਹੀ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਏ. ਡੀ. ਜੀ. ਪੀ. ਏ. ਐੱਸ. ਰਾਏ ਨੇ ਕਿਹਾ ਕਿ ਸੜਕ ਸੁਰੱਖਿਆ ਫੋਰਸ ਦੇ ਜਵਾਨ ਇਸ ਪਹਿਲ ਕਦਮੀ ਲਈ ਤਾਇਨਾਤ ਕੀਤੇ ਜਾਣਗੇ ਅਤੇ ਇਸ ਮੁਹਿੰਮ ਦੇ ਜੁਲਾਈ ਦੇ ਅੱਧ ਤੱਕ ਸ਼ੁਰੂ ਹੋਣ ਦੀ ਸੰਭਾਵਨਾ ਹੈ। ਅਧਿਕਾਰਕ ਸੂਤਰਾਂ ਮੁਤਾਬਕ ਸੂਬੇ ਦੀਆਂ ਵੱਖ-ਵੱਖ ਸੜਕਾਂ 'ਤੇ ਕਰੀਬ 40 ਟੋਲ ਪਲਾਜਾ ਹਨ ਅਤੇ ਏ. ਡੀ. ਜੀ. ਪੀ. ਨੇ ਸ਼ਹਿਰਾਂ 'ਚ ਵੀ ਸੰਜੀਦਾ ਨਾਕੇ ਲਾਉਣ ਦੀ ਗੱਲ ਕਹੀ ਹੈ। ਰਾਏ

ਨੇ ਕਿਹਾ ਕਿ ਸ਼ਰਾਬ ਪੀ ਕੀ ਡਰਾਈਵਿੰਗ ਦੇ ਖਤਰੇ ਨੂੰ ਰੋਕਣ ਲਈ ਅਸੀਂ 3.5 ਕਰੋੜ ਰੁਪਏ ਦਾ ਨਿਵੇਸ਼ ਕਰਨ ਦੀ ਯੋਜਨਾ ਬਣਾਈ ਹੈ। ਸੂਬਾ ਸਰਕਾਰ ਕੋਲ ਪਹਿਲਾਂ ਹੀ 669 ਐਲਕੋਮੀਟਰ ਹਨ, ਜਦੋਂ ਕਿ 1.40 ਕਰੋੜ ਰੁਪਏ 'ਚ 400 ਹੋਰ ਮਸ਼ੀਨਾਂ ਖਰੀਦੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਏ. ਡੀ. ਜੀ. ਪੀ. ਨੇ ਕਿਹਾ ਕਿ ਇਹ ਦੇਖਿਆ ਗਿਆ ਹੈ ਕਿ ਜਨ੍ਹਿਾ ਪੁਲਸ ਨੇ ਨਾਬਾਲਗਾਂ ਦੇ ਚਲਾਨ ਕੱਟਣ ਦਾ ਕੋਈ ਡਾਟਾਬੇਸ ਨਹੀਂ ਰੱਖਿਆ ਪਰ ਹੁਣ ਇਸ 'ਤੇ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਘੱਟ ਉਮਰ ਦੇ ਡਰਾਈਵਰਾਂ ਖਿਲਾਫ ਕਾਨੂੰਨੀ ਕਾਰਵਾਈ ਤੋਂ ਪਹਿਲਾਂ ਜਨ੍ਹਿਾ ਪੁਲਸ ਅਧਿਕਾਰੀ ਸਕੂਲ ਪ੍ਰਸ਼ਾਸਨ ਨਾਲ ਗੱਲਬਾਤ ਕਰਨਗੇ ਤਾਂ ਜੋ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਕਾਨੂੰਨੀ ਵਿਵਸਥਾਵਾਂ ਬਾਰੇ ਜਾਗਰੂਕ ਕੀਤਾ ਜਾ ਸਕੇ। ਦੂਜੇ ਪੜਾਅ ਤਹਿਤ ਸਖਤ ਚਾਲਾਨ ਕੀਤੇ ਜਾਣਗੇ।

## ਮਕੌੜਾ ਪੱਤਣ ਇਲਾਕੇ ਦੇ ਲੋਕਾਂ ਦੇ ਸੰਘਰਸ਼ ਨੂੰ ਪਿਆ ਬੂਰ, ਸੰਤ ਬਲਬੀਰ ਸਿੰਘ ਸੀਚੇਵਾਲ ਲਗਾਉਣਗੇ 'ਬੇੜਾ' ਪਾਰ

ਦੀਨਾਨਗਰ 1 ਜੁਲਾਈ। ਜਿੱਥੇ ਪਿਛਲੇ ਲੰਮੇ ਸਮੇਂ ਤੋਂ ਖਸਤਾ ਹਾਲਤ ਬੇੜੀ ਦੇ ਪਾਰਲੇ ਪਾਸੇ ਵੱਸੇ ਅੱਧੀ ਦਰਜਨ ਦੇ ਪਿੰਡਾਂ ਦੇ ਲੋਕ ਕਾਫੀ ਪਰੇਸ਼ਾਨ ਸਨ ਕਿਉਂਕਿ ਆਉਣ ਵਾਲੇ ਕੁਝ ਹੀ ਦਿਨਾਂ ਵਿੱਚ ਪੰਜਾਬ ਵਿੱਚ ਮਾਨਸੂਨ ਛੇਤੀ ਹੀ ਦਸਤਕ ਦੇਣ ਜਾ ਰਿਹਾ ਹੈ। ਪਰ ਹੁਣ ਕਿਸਾਨਾਂ ਦੇ ਨਾਲ-ਨਾਲ ਹੋਰ ਆਮ ਲੋਕਾਂ ਲਈ ਇਹ ਵੱਡੀ ਰਾਹਤ ਭਰਿਆ ਸਮਾਂ ਹੋਵੇਗਾ। ਵਿਧਾਨ ਸਭਾ ਹਲਕਾ ਅਧੀਨ ਆਉਂਦੇ ਮਕੌੜਾ ਪੱਤਣ 'ਤੇ ਪੱਕਾ ਪੁਲ ਅਜੇ ਵੀ ਨਾ ਬਣਨ ਕਰਕੇ ਰਾਵੀ ਦਰਿਆ ਪਾਰ ਵੱਸੇ 6 ਸਰਹੱਦੀ ਪਿੰਡਾਂ ਦੇ ਹਜ਼ਾਰਾਂ ਲੋਕਾਂ ਲਈ ਮੁਸ਼ਕਿਲਾਂ ਦਾ ਦੌਰ ਮੁੜ ਸ਼ੁਰੂ ਹੋਣ ਵਾਲਾ ਹੈ ਪਰ ਬਰਸਾਤੀ ਮੌਸਮ ਦੌਰਾਨ ਇਨ੍ਹਾਂ ਨੂੰ ਅਜਿਹੇ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਆਜ਼ਾਦ ਭਾਰਤ ਦੇ ਸ਼ਾਇਦ ਹੀ ਕਿਸੇ ਹੋਰ ਹਿੱਸੇ ਦੇ ਲੋਕਾਂ ਨੂੰ ਕਰਨਾ ਪੈਂਦਾ ਹੋਵੇ। ਫਿਰ ਵੀ ਇਸ ਮੁਸ਼ਕਿਲਾਂ ਭਰੇ ਦੌਰ ਵਿੱਚ ਇਸ ਵਾਰ ਉਨ੍ਹਾਂ ਲਈ ਇਕ ਰਾਹਤ ਭਰੀ ਖ਼ਬਰ ਜ਼ਰੂਰ ਆਈ ਹੈ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵਲੋਂ ਆਪਣੇ ਐੱਮ.ਪੀ. ਲੈਡ ਫੰਡ ਵਿੱਚੋਂ ਮੁਹੱਈਆ ਕਰਵਾਈ ਗਈ 8 ਲੱਖ ਰੁਪਏ ਦੀ ਨਵੀਂ ਬੇੜੀ ਮਕੌੜਾ ਪੱਤਣ ਪਹੁੰਚ ਗਈ ਹੈ। ਹੁਣ ਜਦੋਂ ਰਾਵੀ ਦਰਿਆ 'ਤੇ ਬਣਿਆ ਆਰਜ਼ੀ ਪੁਲ ਹਟਾ ਲਿਆ ਜਾਵੇਗਾ ਤਾਂ ਹਜ਼ਾਰਾਂ ਲੋਕ ਇਸ ਨਵੀਂ ਸੁਰੱਖਿਅਤ ਬੇੜੀ ਰਾਹੀਂ ਆਰ-ਪਾਰ ਜਾ ਸਕਣਗੇ। ਇਸ ਤੋਂ ਪਹਿਲਾਂ ਇਨ੍ਹਾਂ ਲੋਕਾਂ ਨੂੰ ਕਈ ਸਾਲ ਪੁਰਾਣੀ ਬੇੜੀ ਰਾਹੀਂ ਜਾਨ ਜੋਖਮ

ਵਿੱਚ ਪਾ ਕੇ ਦਰਿਆਈ ਸਫ਼ਰ ਕਰਨਾ ਪੈਂਦਾ ਸੀ। ਹਰ ਸਾਲ ਦੀ ਤਰ੍ਹਾਂ ਪਿਛਲੇ ਸਾਲ ਵੀ ਬਰਸਾਤ ਦੇ ਮੌਸਮ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਦੀ ਵੱਲੋਂ ਪੀ.ਡਬਲਯੂ.ਡੀ. ਦੇ ਅਧਿਕਾਰੀ ਜਦੋਂ ਮਕੌੜਾ ਪੱਤਣ 'ਤੇ ਆਰਜ਼ੀ ਪੁਲਟੂਨ ਪੁੱਲ ਚੁੱਕਣ ਆਏ ਤਾਂ ਦਰਿਆ ਪਾਰਲੇ ਪਿੰਡਾਂ

## ਸੋਸਲ ਮੀਡੀਆ 'ਤੇ ਕੀਤੀ ਭਗਵਾਨ ਰਾਮ ਖਿਲਾਫ 'ਅਸਲੀਲ' ਟਿੱਪਣੀ, ਨੌਜਵਾਨ ਗ੍ਰਿਫ਼ਤਾਰ

ਸਹਾਰਨਪੁਰ 1 ਜੁਲਾਈ। ਸੋਸਲ ਮੀਡੀਆ 'ਤੇ ਭਗਵਾਨ ਰਾਮ ਦੇ ਖਿ?ਲਾਫ ਕਥਿਤ ਤੌਰ 'ਤੇ ਅਸਲੀਲ ਟਿੱਪਣੀ ਕਰਨ ਦੇ ਦੋਸ 'ਚ ਸਹਾਰਨਪੁਰ ਜਿ?ਲ੍ਹੇ ਦੇ ਮੰਡੀ ਥਾਣਾ ਖੇਤਰ ਤੋਂ ਇਕ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਕ ਪੁਲਸ ਅਧਿਕਾਰੀ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਸੁਪਰਡੈਂਟ (ਦਿਹਾਤੀ) ਸਾਗਰ ਜੈਨ ਨੇ ਪੀਟੀਆਈ ਨੂੰ ਦੱਸਿਆ ਕਿ ਪੁਲਸ ਨੇ ਪੀਰ ਵਾਲੀ ਗਲੀ ਖੇਤਰ ਤੋਂ ਇੱਕ 25 ਸਾਲਾ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ। ਜੈਨ ਨੇ

ਦੱਸਿਆ ਕਿ 1 ਫਰਵਰੀ ਨੂੰ ਮੰਡੀ ਥਾਣਾ ਖੇਤਰ ਦੀ ਸਮਰਾਟ ਵਿਕਰਮ ਕਾਲੋਨੀ ਦੇ ਰਹਿਣ ਵਾਲੇ ਨੀਰਜ ਸਰਮਾ ਨੇ ਪੁਲਸ ਕੋਲ ਸਿ?ਕਾਇਤ ਦਰਜ ਕਰਵਾਈ ਸੀ ਕਿ ਇਕ ਨੌਜਵਾਨ ਨੇ ਸੋਸਲ ਮੀਡੀਆ ਪਲੇਟਫਾਰਮ 'ਇੰਸਟਾਗ੍ਰਾਮ' 'ਤੇ ਭਗਵਾਨ ਰਾਮ ਖਿ?ਲਾਫ ਅਸਲੀਲ ਟਿੱਪਣੀ ਕੀਤੀ ਸੀ। ਉਨ੍ਹਾਂ ਦੱਸਿਆ ਕਿ ਪੁਲਸ ਨੇ ਸਰਮਾ ਦੀ ਸਿ?ਕਾਇਤ ਦੇ ਆਧਾਰ 'ਤੇ ਸਬੰਧਤ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਮੁਲਜਮ ਨੂੰ ਗ੍ਰਿਫਤਾਰ ਕਰ ਲਿਆ ਹੈ। ਜੈਨ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਦੋਸੀ ਨੇ ਦੱਸਿਆ ਕਿ ਅਯੁੱਧਿਆ 'ਚ ਰਾਮ ਮੰਦਰ ਦੇ ਨਿਰਮਾਣ ਤੋਂ ਬਾਅਦ ਕੁਝ ਲੋਕ ਉਸ ਨੂੰ ਕਹਿ ਰਹੇ ਸਨ ਕਿ ਭਾਰਤ ਹੁਣ ਹਿੰਦੂ ਰਾਸਟਰ ਬਣੇਗਾ ਅਤੇ ਇਕ ਖਾਸ ਵਰਗ ਦੇ ਲੋਕਾਂ ਨੂੰ ਬਾਹਰ ਕੱਢ ਦਿੱਤਾ ਜਾਵੇਗਾ, ਜਿਸ ਕਾਰਨ ਉਹ ਗੁੱਸੇ 'ਚ ਆ ਗਿਆ ਅਤੇ ਉਪਰੋਕਤ ਟਿੱਪਣੀ ਕੀਤੀ।

# ਜਲਾਲਾਬਾਦ 'ਚ ਗੁੰਡਾਗਰਦੀ ਦਾ ਨੰਗਾ ਨਾਚ, 20 ਦੇ ਕਰੀਬ ਹਥਿਆਰਬੰਦਾਂ ਨੇ ਬੱਸ ਨੂੰ ਰੋਕ ਕੇ ਕੀਤੀ ਵੱਡੀ ਵਾਰਦਾਤ

ਜਲਾਲਾਬਾਦ 1 ਜੁਲਾਈ। ਫ਼ਾਜ਼ਿਲਕਾ-ਫ਼ਿਰੋਜ਼ਪੁਰ ਮਾਰਗ 'ਤੇ ਪੈਂਦੇ ਪਿੰਡ ਟਿਵਾਣਾ ਕਲਾਂ ਮੋੜ ਕੋਲ ਬੀਤੀ ਦੁਪਹਿਰ ਨੂੰ ਲਗਭਗ 1 ਵਜੇ ਦੇ ਕਰੀਬ

20 ਦੇ ਕਰੀਬ ਹਥਿਆਰਬੰਦ ਗੁੰਡਾ ਅਨਸਰਾਂ ਵੱਲੋਂ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਮੁਤਾਬਕ ਹਥਿਆਰਬੰਦ ਗੁੰਡਾ ਅਨਸਰਾਂ ਵੱਲੋਂ ਵਾਇਆ ਚਿੰਤਪੂਰਨੀ ਤੋਂ ਫ਼ਾਜ਼ਿਲਕਾ ਨੂੰ ਜਾ ਰਹੀ ਇੱਕ ਰੋਡਵੇਜ਼ ਦੀ ਬੱਸ ਨੂੰ ਰੋਕ ਕੇ ਡਰਾਇਵਰ ਤੇ ਕੰਡਕਟਰ ਦੀ ਕੁੱਟਮਾਰ ਕੀਤੀ ਗਈ, ਜਿਸ ਤੋਂ ਬਾਅਦ ਸਥਿਤੀ ਤਨਾਅਪੂਰਨ ਹੋ ਗਈ । ਜਿਸ ਦੀ ਜਾਣਕਾਰੀ ਮਿਲਣ 'ਤੇ ਸਬੰਧਿਤ ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਨੇ ਮੌਕੇ 'ਤੇ ਪੁੱਜ ਕੇ ਸਥਿਤੀ 'ਤੇ ਕਾਬੂ ਪਾਇਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੀੜਤ ਪੰਜਾਬ ਰੋਡਵੇਜ ਦੇ ਡਰਾਇਵਰ ਰਜਿੰਦਰ ਕੁਮਾਰ ਨੇ ਦੱਸਿਆ ਕਿ ਉਹ ਅੱਜ ਚਿੰਤਪੂਰਨੀ ਤੋਂ ਵਾਇਆ ਫ਼ਾਜ਼ਿਲਕਾ ਨੂੰ ਸਵਾਰਿਆ ਲੈ ਕੇ ਜਾ ਰਹੇ ਸਨ ਤਾਂ ਜਦੋਂ ਉਹ ਟਿਵਾਣਾ ਕਲਾਂ ਮੋੜ ਦੇ ਕੋਲ ਪੁੱਜੇ ਤਾਂ ਸੜਕ 'ਤੇ ਇੱਕ ਟਰਲਾ ਐਕਸੀਡੈਂਟ ਹੋਇਆ ਸੀ ਤੇ ਸੜਕ ਦੇ ਵਿਚਕਾਰ ਲੱਗੇ ਡਿਵਾਇਰਾਂ 'ਚ ਫਸਿਆ ਹੋਇਆ ਸੀ। ਇਸ ਦੌਰਾਨ ਜਾਮ ਦੇ ਚੱਲਦੇ ਬੱਸ ਡਰਾਈਵਰ ਵਲੋਂ ਬਰੇਕ ਲਗਾਈ ਗਈ ਤਾਂ ਬੱਸ ਦੇ ਸਾਹਮਣੇ ਅਚਾਨਕ ਇੱਕ ਮੋਟਰਸਾਈਕਲ ਸਵਾਰ 2 ਨੌਜਵਾਨ ਤਿਲਕ ਕੇ ਡਿੱਗ ਪਏ। ਡਰਾਇਵਰ ਨੇ ਦੱਸਿਆ ਕਿ ਜਿਸ ਤੋਂ ਬਾਅਦ ਗੁੱਸੇ 'ਚ ਆਏ ਹਥਿਆਰ ਬੰਦ ਨੌਜਵਾਨਾਂ ਵੱਲੋਂ ਹੋਰ ਆਪਣੇ ਸਾਥੀਆਂ ਨਾਲ ਮਿਲ ਕੇ ਮੇਰੇ ਸਮੇਤ ਸਾਥੀ ਕੰਡਕਟਰ ਦੀ ਬੇਰਹਿਮੀ ਦੇ ਨਾਲ ਕੁੱਟਮਾਰ ਕੀਤੀ ਗਈ ਅਤੇ ਬੱਸ ਦੇ ਸ਼ੀਸ਼ੇ ਤੋੜਨ ਦਿੱਤੇ ਗਏ ਤਾਂ ਜਦੋਂ ਸਥਿਤ ਤਨਾਅਪੂਰਨ ਬਣਦੀ ਸਵਾਰੀਆਂ ਨੇ ਦੇਖੀ ਤਾਂ ਗੁੰਡਾ ਅਨਸਰਾਂ ਦਾ ਵਿਰੋਧ ਕੀਤੇ ਜਾਣ 'ਤੇ ਉਨ੍ਹਾਂ ਦੇ ਵੱਲੋਂ ਸਵਾਰੀਆਂ ਨਾਲ ਵੀ ਹੱਥੋਪਾਈ ਕੀਤੀ ਗਈ। ਘਟਨਾਂ ਦੀ ਜਾਣਕਾਰੀ ਮਿਲਣ 'ਤੇ ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਨੇ ਮੌਕੇ 'ਤੇ ਪੁੱਜ ਕੇ ਗੁੰਡਾਗਰਦੀ ਕਰਨ ਵਾਲੇ 2 ਨੌਜਵਾਨਾਂ ਨੂੰ ਕਾਬੂ ਕਰ ਲਿਆ ਤੇ ਨੁਕਸਾਨੀ ਗਈ ਰੋਡਵੇਜ਼ ਦੀ ਬੱਸ ਨੂੰ ਥਾਣੇ ਲੈ ਗਏ। ਇਸ ਸਬੰਧੀ ਜਲਾਲਾਬਾਦ ਦੇ ਡੀ.ਐੱਸ.ਪੀ ਏ.ਆਰ ਸ਼ਰਮਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਨੂੰ ਹੱਥ 'ਚ ਲੈਣ ਵਾਲੇ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ।

### ਵਿਦੇਸ਼ੀ ਮੁਦਰਾ ਭੰਡਾਰ 59.1 ਕਰੋੜ ਡਾਲਰ ਵਧ ਕੇ 616.7 ਅਰਬ ਡਾਲਰ 'ਤੇ

ਮੁੰਬਈ 1 ਜੁਲਾਈ। ਵਿਦੇਸ਼ੀ ਮੁਦਰਾ ਜਾਇਦਾਦ, ਗੋਲਡ, ਸਪੈਸ਼ਲ ਡਰਾਇੰਗ ਰਾਈਟਸ (ਐੱਸ. ਡੀ. ਆਰ.) ਅਤੇ ਅੰਤਰਰਾਸ਼ਟਰੀ ਮੁਦਰਾ ਫੰਡ (ਆਈ. ਐੱਮ. ਐੱਫ.) ਕੋਲ ਰਿਜਰਵ ਫੰਡ 'ਚ ਵਾਧਾ ਹੋਣ ਨਾਲ 26 ਜਨਵਰੀ ਨੂੰ ਸਮਾਪਤ ਹਫਤੇ ਵਿਚ ਦੇਸ਼ ਦਾ ਵਿਦੇਸ਼ੀ ਮੁਦਰਾ ਭੰਡਾਰ 59.1 ਕਰੋੜ ਡਾਲਰ ਵਧ ਕੇ 616.7 ਅਰਬ ਡਾਲਰ ਹੋ ਗਿਆ। ਉੱਥੇ ਹੀ ਇਸ ਤੋਂ ਪਿਛਲੇ ਹਫਤੇ ਵਿਦੇਸ਼ੀ ਮੁਦਰਾ ਭੰਡਾਰ 2.8 ਅਰਬ ਡਾਲਰ ਡਿੱਗ ਕੇ 616.1 ਅਰਬ ਡਾਲਰ 'ਤੇ ਰਿਹਾ ਸੀ। ਰਿਜਰਵ ਬੈਂਕ ਵਲੋਂ ਜਾਰੀ ਅੰਕੜਿਆਂ ਮੁਤਾਬਕ 26 ਜਨਵਰੀ ਨੂੰ ਸਮਾਪਤ ਹਫਤੇ ਵਿਚ ਵਿਦੇਸ਼ੀ ਮੁਦਰਾ ਭੰਡਾਰ ਦੇ ਸਭ ਤੋਂ ਵੱਡੇ ਹਿੱਸੇ ਵਿਦੇਸ਼ੀ ਮੁਦਰਾ ਜਾਇਦਾਦ 28.9 ਕਰੋੜ ਡਾਲਰ ਦਾ ਵਾਧਾ ਲੈ ਕੇ 546.1 ਅਰਬ ਡਾਲਰ 'ਤੇ ਪੁੱਜ ਗਈ। ਇਸ ਤਰ੍ਹਾਂ ਇਸ ਮਿਆਦ ਵਿਚ ਗੋਲਡ ਰਿਜਰਵ 26.9 ਕਰੋੜ ਡਾਲਰ ਵਧ ਕੇ 47.5 ਅਰਬ ਡਾਲਰ ਰਹਿ ਗਿਆ। ਸਮੀਖਿਆ ਅਧੀਨ ਹਫਤਾ ਸਪੈਸ਼ਲ ਡਰਾਇੰਗ ਰਾਈਟਸ 'ਚ 2.7 ਕਰੋੜ ਡਾਲਰ ਦਾ ਵਾਧਾ ਹੋਇਆ ਅਤੇ ਇਹ ਵਧ ਕੇ 18.24 ਅਰਬ ਡਾਲਰ ਹੋ ਗਿਆ। ਇਸ ਤਰ੍ਹਾਂ ਇਸ ਮਿਆਦ ਵਿਚ ਅੰਤਰਰਾਸ਼ਟਰੀ ਮੁਦਰਾ ਫੰਡ ਕੋਲ ਰਿਜਰਵ ਫੰਡ 60 ਲੱਖ ਡਾਲਰ ਦੀ ਬੜ੍ਹਤ ਨਾਲ 4.9 ਅਰਬ ਡਾਲਰ 'ਤੇ ਪੁੱਜ ਗਈ।

## ਟਰੱਕ ਦੀ ਟੱਕਰ ਨਾਲ ਪੀਟਰ ਰੇਹੜਾ ਪਲਟਣ ਕਾਰਨ ਵਿਅਕਤੀ ਦੀ ਮੌਤ

ਅਬੋਹਰ 1 ਜੁਲਾਈ। ਬੀਤੀ ਰਾਤ ਪਿੰਡ ਭਾਗੂ ਕੋਲ ਇਕ ਟਰੱਕ ਦੀ ਲਪੇਟ 'ਚ ਪੀਟਰ ਰੇਹੜਾ ਪਲਟਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ, ਜਦੋਂ ਕਿ ਹਾਦਸੇ ਦੌਰਾਨ ਉਸਦੀ ਪਤਨੀ ਅਤੇ ਮਾਸੂਮ ਬੱਚਾ ਵਾਲ-ਵਾਲ ਬਚ ਗਏ। ਇਸ ਤੋਂ ਇਲਾਵਾ ਮ੍ਰਿਤਕ ਦਾ ਜੀਜਾ ਵੀ ਜ਼ਖਮੀ ਹੋ ਗਿਆ ਅਤੇ ਉਸ ਨੂੰ ਰੈਫਰ ਕਰ ਦਿੱਤਾ ਗਿਆ। ਮੌਕੇ 'ਤੇ ਗਸ਼ਤ ਕਰ ਰਹੀ ਰੈਪਿਡ ਟੀਮ ਦੇ ਮੁਲਾਜ਼ਮਾਂ ਨੇ ਜ਼ਖਮੀਆਂ ਨੂੰ ਤੁਰੰਤ ਹਸਪਤਾਲ ਦਾਖਲ ਕਰਵਾਇਆ। ਜਾਣਕਾਰੀ ਅਨੁਸਾਰ ਜਦੋਂ ਰੈਪਿਡ ਟੀਮ ਦੇ ਮੁਲਾਜ਼ਮ ਪਿੰਡ ਦੋਦਾ ਤੋਂ ਸੀਤੋ ਵੱਲ ਗਸ਼ਤ ਕਰ ਰਹੇ ਸਨ ਤਾਂ ਉਨ੍ਹਾਂ ਦੇਖਿਆ ਕਿ ਪਿੰਡ ਭਾਗੂ ਰੋਡ 'ਤੇ ਇਕ ਪੀਟਰ ਰੇਹੜਾ ਪਲਟਿਆ ਹੋਇਆ ਸੀ, ਜਿਸ ਦੇ ਹੇਠਾਂ ਕੁੱਝ ਲੋਕ ਦੱਬੇ ਹੋਏ ਸਨ। ਉਸ ਨੇ ਆਸ-ਪਾਸ ਦੇ ਲੋਕਾਂ ਦੀ ਮਦਦ ਨਾਲ ਇਕ ਔਰਤ, ਇਕ ਸਾਲ ਦੇ ਬੱਚੇ ਅਤੇ ਕੁੱਝ ਹੋਰ ਲੋਕਾਂ ਨੂੰ ਬਾਹਰ ਕੱਢਿਆ, ਜਦੋਂ ਕਿ ਇਕ ਵਿਅਕਤੀ ਦੀ ਮੌਤ ਹੋ ਗਈ ਸੀ। ਉਹ ਤੁਰੰਤ ਜ਼ਖਮੀਆਂ ਨੂੰ ਹਸਪਤਾਲ ਲੈ ਕੇ ਗਏ। ਜਿੱਥੇ ਡਾਕਟਰਾਂ ਅਨੁਸਾਰ ਮ੍ਰਿਤਕ ਦੀ ਪਛਾਣ ਸੁਰਿੰਦਰ (23) ਪੁੱਤਰ ਹੰਸਰਾਜ ਵਾਸੀ ਸ਼ੇਰੇਵਾਲਾ ਵਜੋਂ ਹੋਈ ਹੈ, ਜੋ ਕਿ ਆਪਣੀ ਪਤਨੀ ਪੂਨਮ, ਇਕ ਸਾਲ ਦੇ ਬੱਚੇ ਪ੍ਰਦੀਪ ਅਤੇ ਜੀਜਾ ਰਿੰਕੂ ਨਾਲ ਪਿੰਡ ਜਾ ਰਿਹਾ ਸੀ ਕਿ ਰਸਤੇ ਵਿਚ ਇਕ ਟਰੱਕ ਨੇ ਉਨ੍ਹਾਂ ਦੇ ਪੀਟਰ ਰੇਹੜੇ ਵਿਚ ਟੱਕਰ ਮਾਰ ਦਿੱਤੀ, ਜਿਸ ਨਾਲ ਪੀਟਰ ਰੇਹੜਾ ਪਲਟ ਗਿਆ ਅਤੇ ਸੁਰਿੰਦਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਉਸਦੀ ਪਤਨੀ, ਬੱਚਾ ਅਤੇ ਜੀਜਾ ਜ਼ਖਮੀ ਹੋ ਗਏ। ਇੱਥੇ ਜ਼ਖਮੀ ਰਿੰਕੂ ਦੀ ਹਾਲਤ ਗੰਭੀਰ ਹੋਣ 'ਤੇ ਉਸ ਨੂੰ ਇਲਾਜ ਤੋਂ ਬਾਅਦ ਫਰੀਦਕੋਟ ਰੈਫਰ ਕਰ ਦਿੱਤਾ ਗਿਆ।

## ਤਿੰਨ ਮੰਜਿਲਾ ਪਲਾਈਵੁੱਡ ਸ਼ੋਅਰੂਮ 'ਚ ਲੱਗੀ ਭਿਆਨਕ ਅੱਗ, ਇਕ ਕਰੋੜ ਰੁਪਏ ਦਾ ਸਮਾਨ ਹੋਇਆ ਸੁਆਹ

ਗੁਰਦਾਸਪੁਰ 1 ਜੁਲਾਈ। ਅੱਜ ਸਵੇਰੇ ਤੜਕਸਾਰ ਗੁਰਦਾਸਪੁਰ ਸ਼ਹਿਰ ਅੰਦਰ ਕਾਹਨੂੰਵਾਨ ਚੌਂਕ ਤੋਂ ਕੁਝ ਦੂਰੀ 'ਤੇ ਸਥਿਤ ਇਕ ਤਿੰਨ ਮੰਜਿ?ਲਾਂ ਪਲਾਈਵੁੱਡ ਸ਼ੋਅਰੂਮ ਨੂੰ ਅੱਗ ਲੱਗਣ ਕਾਰਨ ਕਰੀਬ ਇਕ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਸ ਅੱਗ ਨੂੰ ਬਝਾਉਣ ਲਈ ਫਾਇਰ ਬ੍ਰਿਗੇਡ ਦੇ ਮੁਲਾਜਮਾਂ ਨੂੰ ਵੱਡੀ ਜੱਦੋ-ਜਹਿਦ ਕਰਨੀ ਪਈ। ਜਿਸ ਤਹਿਤ ਬਟਾਲਾ ਤੋਂ ਵੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੰਗਵਾ ਕੇ ਅੱਗ 'ਤੇ ਕਾਬੂ ਪਾਇਆ ਗਿਆ। ਦੁਕਾਨ ਦੇ ਮਾਲਿਕ ਜਸਵੰਤ ਸਿੰਘ ਵਾਸੀ ਸ਼ਾਹਪੁਰ ਕੋਟਲੀ ਨੇ ਦੱਸਿਆ ਕਿ ਕਾਹਨੂੰਵਾਨ ਚੌਂਕ ਤੋਂ ਕੁਝ ਦੂਰੀ 'ਤੇ ਉਨ੍ਹਾਂ ਦਾ ਪਾਲਕੀ ਪਲਾਈਵੁੱਡ ਸ਼ੋਅਰੂਮ ਹੈ। ਜਿੱਥੇ ਅੱਜ ਸਵੇਰੇ ਤੜਕੇ ਕਰੀਬ 6 ਵਜੇ ਅੱਗ ਲੱਗਣ ਕਾਰਨ ਲੋਕਾਂ ਨੇ ਧੂਆਂ ਨਿਕਲਦਾ ਦੇਖਿਆ। ਇਸ ਦੌਰਾਨ ਕਿਸੇ ਨੇ ਫੋਨ ਕਰਕੇ ਉਨ੍ਹਾਂ ਨੂੰ ਸੂਚਿਤ ਕੀਤਾ ਅਤੇ ਉਹ ਕੁਝ ਹੀ ਮਿੰਟਾਂ ਵਿੱਚ ਇੱਥੇ ਪਹੁੰਚ ਗਏ ਜਦੋਂ ਆ ਕੇ ਦੇਖਿਆ ਤਾਂ ਦੁਕਾਨ ਦੀਆਂ ਤਿੰਨਾਂ ਮੰਜਿਲਾਂ ਵਿੱਚ ਅੱਗ ਪਹੁੰਚ ਚੁੱਕੀ ਸੀ। ਇਸੇ ਦੌਰਾਨ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅਤੇ ਸ਼ਹਿਰ ਦੇ ਹੋਰ ਲੋਕ ਵੀ ਪਹੁੰਚ ਗਏ, ਜਿਨ੍ਹਾਂ ਨੇ ਅੱਗ ਬੁਝਾਉਣ ਦੀ ਕਾਫੀ ਕੋਸ਼ਿਸ਼ ਕੀਤੀ ਪਰ ਦੁਕਾਨ ਵਿੱਚ ਬੋਰਡ, ਪਲਾਈ ਅਤੇ ਅਜਿਹਾ ਹੋਰ ਸਮਾਨ ਪਿਆ ਹੋਣ ਕਰਕੇ

ਅੱਗ ਤੇਜੀ ਨਾਲ ਫੈਲ ਗਈ ਅਤੇ ਕੁਝ ਹੀ ਮਿੰਟਾਂ ਵਿੱਚ ਦੁਕਾਨ ਅੰਦਰ ਪਿਆ ਸਾਮਾਨ ਵੀ ਸੜ ਕੇ ਸੁਆਹ ਹੋ ਗਿਆ। ਉਨ੍ਹਾਂ ਦੱਸਿਆ ਕਿ ਦੁਕਾਨ 'ਚ ਕੁਝ ਮਹੀਨੇ ਪਹਿਲਾਂ ਹੀ ਕਰੀਬ 25 ਲੱਖ ਰੁਪਏ ਲਗਾ ਕੇ ਸਾਰੀ ਫਿਟਿੰਗ ਅਤੇ ਡੈਕੋਰੇਸ਼ਨ ਕਰਵਾਈ ਸੀ ਅਤੇ ਨਾਲ ਹੀ ਦੁਕਾਨ ਵਿੱਚ ਕਾਫੀ ਸਾਮਾਨ ਵੀ ਪਿਆ ਸੀ। ਉਨ੍ਹਾਂ ਦੱਸਿਆ ਕਿ ਦੁਕਾਨ ਅੰਦਰ ਇੱਕ ਮੋਟਰਸਾਇਕਲ ਵੀ ਖੜਾ ਸੀ ਜੋ ਅੱਗ ਦੀ ਲਪੇਟ ਵਿੱਚ ਆ ਕੇ ਨੁਕਸਾਨਿਆ ਗਿਆ। ਇਸੇ ਤਰ੍ਹਾਂ ਦੁਕਾਨ ਦੇ ਅੰਦਰ ਹਾਰਡਵੇਅਰ ਦੇ ਸਮਾਨ ਸਮੇਤ ਇੱਕ ਫਰਿੱਜ ਅਤੇ ਹੋਰ ਸਮਾਨ ਵੀ ਪ੍ਰਭਾਵਿਤ ਹੋਇਆ ਹੈ। ਜਿਸਦੇ ਚੱਲਦਿਆਂ ਉਨ੍ਹਾਂ ਦਾ ਤਕਰੀਬਨ ਇੱਕ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਸ ਦੌਰਾਨ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਦੇ ਪਿਤਾ ਗੁਰਮੀਤ ਸਿੰਘ ਪਾਹੜਾ ਵੀ ਮੌਕੇ 'ਤੇ ਪਹੁੰਚੇ ਜਿਨ੍ਹਾਂ ਨੇ ਉਕਤ ਦੁਕਾਨਦਾਰ ਨੂੰ ਹੌਸਲਾ ਦਿੱਤਾ ਅਤੇ ਜਿਸਦੇ ਬਾਅਦ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਮਨ ਬਹਿਲ ਵੀ ਸਾਥੀਆਂ ਸਮੇਤ ਪਹੁੰਚੇ। ਜਿਨ੍ਹਾਂ ਨੇ ਪੀੜਤ ਦੁਕਾਨਦਾਰ ਨੂੰ ਹਰ ਸੰਭਵ ਮਦਦ ਦਵਾਉਣ ਦਾ ਭਰੋਸਾ ਦਿੱਤਾ ਅਤੇ ਇਸ ਨੁਕਸਾਨ 'ਤੇ ਅਫਸੋਸ ਜਾਹਿਰ ਕੀਤਾ। ਦੁਕਾਨਦਾਰ ਨੇ ਦੱਸਿਆ ਕਿ ਅਜੇ ਤੱਕ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ।

## ਪ੍ਰੈਕਟਿਸ ਕਰਦੀ ਨਾਬਾਲਗ ਕੁੜੀ ਨਾਲ ਡਾਕਟਰ ਨੇ ਕੀਤੀਆਂ ਅਸ਼ਲੀਲ ਹਰਕਤਾਂ

ਨਕੋਦਰ 1 ਜੁਲਾਈ। ਸਿਟੀ ਪੁਲਸ ਨੇ ਕਲੀਨਿਕ ਅਤੇ ਪ੍ਰੈਕਟਿਸ ਕਰਦੀ ਨਾਬਾਲਗ ਕੁੜੀ ਨੂੰ ਫਿਜੀਓਥੈਰੇਪੀ ਸਿਖਾਉਣ ਬਹਾਨੇ ਅਸਲੀਲ ਹਰਕਤਾਂ ਕਰਨ ਦੇ ਗੰਭੀਰ ਮਾਮਲੇ 'ਚ ਡਾਕਟਰ ਖਿ?ਲਾਫ ਮਾਮਲਾ ਦਰਜ ਕੀਤਾ ਗਿਆ ਹੈ। ਡੀ. ਐੱਸ. ਪੀ. ਨਕੋਦਰ ਸੁਖਪਾਲ ਸਿੰਘ ਅਤੇ ਸਿਟੀ ਥਾਣਾ ਮੁਖੀ ਇੰਸ ਬਲਜੀਤ ਸਿੰਘ ਹੁੰਦਲ ਨੇ ਦੱਸਿਆ ਕਿ ਮਹਿਲਾ ਇੰਸਪੈਕਟਰ ਸੀਮਾ ਸਮੇਤ ਪੁਲਸ ਪਾਰਟੀ ਸੰਕਰ ਚੌਂਕ ਨਕੋਦਰ ਵਿਖੇ ਮੌਜੂਦ ਸੀ ਤਾਂ ਉਸ ਕੋਲ ਉਕਤ ਪੀੜਤ ਨਾਬਾਲਗ ਕੁੜੀ ਦੇ ਪਿਤਾ ਨੇ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਸ ਦੀ ਕੁੜੀ ਦੀ ਉਮਰ ਕਰੀਬ 15 ਸਾਲ ਹੈ, ਜੋ ਸਥਾਨਕ ਕਾਲਜ ਵਿਚ ਮੈਡੀਕਲ ਦੀ ਪੜ੍ਹਾਈ ਕਰਦੀ ਹੈ ਅਤੇ ਪੜ੍ਹਾਈ ਉਪਰੰਤ ਸ਼ੰਕਰ ਰੋਡ 'ਤੇ ਟੰਡਨ ਕਲੀਨਿਕ 'ਤੇ ਰੋਜਾਨਾ ਮੈਡੀਕਲ ਦੀ ਪ੍ਰੈਕਟਿਸ ਕਰਨ ਲਈ ਜਾਂਦੀ ਸੀ, ਜਿੱਥੇ ਡਾ. ਸੁਨੀਲ ਟੰਡਨ ਨੇ ਫਿਜੀਓਥੈਰੇਪੀ ਸਿਖਾਉਣ ਬਹਾਨੇ ਨਾਲ ਉਸ ਨਾਲ ਅਸਲੀਲ ਹਰਕਤਾਂ ਕੀਤੀਆਂ। ਜਦੋਂ ਇਸ ਸਬੰਧੀ ਲੜਕੀ ਨੇ ਦੱਸਿਆ ਤਾਂ ਅਸੀਂ ਤੁਰੰਤ ਡਾਕਟਰ ਸੁਨੀਲ ਟੰਡਨ ਦੇ ਘਰ ਗੱਲ ਕਰਨ ਗਏ ਤਾਂ ਉਕਤ ਡਾਕਟਰ ਨੇ ਉਲਟਾ ਉਸ ਨਾਲ ਹੱਥੋਪਾਈ ਕੀਤੀ ਅਤੇ ਮੱਥੇ 'ਤੇ ਕੜਾ ਮਾਰ ਕੇ ਜਖਮੀ ਕਰ ਦਿੱਤਾ। ਸਿਟੀ ਥਾਣਾ ਮੁਖੀ ਇੰਸ. ਬਲਜੀਤ ਸਿੰਘ ਹੁੰਦਲ ਨੇ ਦੱਸਿਆ ਕਿ ਪੀੜਤ ਨਾਬਾਲਗ ਕੁੜੀ ਦੇ ਪਿਤਾਂ ਦੇ ਬਿਆਨਾਂ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਡਾ. ਸੁਨੀਲ ਟੰਡਨ ਵਾਸੀ ਮੁਹੱਲਾ ਟੰਡਨਾ ਨਕੋਦਰ ਖਿ?ਲਾਫ ਧਾਰਾ 354, 323 ਆਈ. ਪੀ. ਸੀ. 8 ਪੋਕਸੋ ਐਕਟ ਤਹਿਤ ਸਿਟੀ ਥਾਣਾ ਵਿਖੇ ਮਾਮਲਾ ਦਰਜ ਕਰਕੇ ਡਾਕਟਰ ਨੂੰ ਗ੍ਰਿਫਤਾਰ ਕਰ ਲਿਆ।

## ਤੰਬਾਕੂ ਵਾਲਾ ਮੰਜਨ ਬਣਿਆ ਤਲਾਕ ਦਾ ਕਾਰਨ, ਪਤਨੀ ਬੋਲੀ- ਪਤੀ ਛੱਡ ਸਕਦੀ ਹਾਂ ਮੰਜਨ ਨਹੀਂ

ਆਗਰਾ 1 ਜੁਲਾਈ। ਉੱਤਰ ਪ੍ਰਦੇਸ਼ ਦੇ ਆਗਰਾ ਜਿ?ਲ੍ਹੇ 'ਚ ਇਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸ ਬਾਰੇ ਸੁਣ ਕੇ ਤੁਸੀਂ ਹੈਰਾਨ ਰਹਿ ਜਾਵੋਗੇ। ਜਿੱਥੇ ਇਕ ਪਤੀ ਨੂੰ ਆਪਣੀ ਪਤਨੀ ਦਾ ਦੰਦਾਂ ਦਾ ਮੰਜਨ ਕਰਨ ਦੀ ਆਦਤ ਬਿਲਕੁਲ ਵੀ ਪਸੰਦ ਨਹੀਂ ਹੈ, 

# ਪੰਜਾਬ ਤੇ ਹਰਿਆਣਾ ਵਿੱਚ ਭਾਰੀ ਮੀਂਹ ਦੀ ਚਿਤਾਵਨੀ

**ਚੰਡੀਗੜ੍ਹ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੌਸਮ ਵਿਭਾਗ ਨੇ ਅਗਲੇ ਦੋ-ਤਿੰਨ ਦਿਨਾਂ ਅੰਦਰ ਮੌਨਸੂਨ ਦੇ ਸਾਰੇ ਪੰਜਾਬ ਤੇ ਹਰਿਆਣਾ 'ਚ ਪਹੁੰਚਣ ਦੀ ਉਮੀਦ ਜ਼ਾਹਿਰ ਕਰਦਿਆਂ ਇਨ੍ਹਾਂ ਸੂਬਿਆਂ 'ਚ ਅਗਲੇ ਕੁਝ ਦਿਨ ਭਾਰੀ ਮੀਂਹ ਪੈਣ ਦੀ ਚਿਤਾਵਨੀ ਜਾਰੀ ਕੀਤੀ ਹੈ।

ਭਾਰਤੀ ਮੌਸਮ ਵਿਭਾਗ ਨੇ ਅੱਜ ਕਿਹਾ, 'ਅਗਲੇ ਚਾਰ ਤੋਂ ਪੰਜ ਦਿਨ ਤੱਕ ਉੱਤਰ-ਪੱਛਮੀ ਭਾਰਤ 'ਚ ਭਾਰੀ ਮੀਂਹ ਪੈ ਸਕਦਾ ਹੈ।' ਵਿਭਾਗ ਨੇ ਮੀਂਹ ਦੇ ਨਾਲ ਹਨੇਰੀ ਚੱਲਣ ਤੇ ਬਿਜਲੀ ਲਿਸ਼ਕਣ ਦੀ ਸੰਭਾਵਨਾ ਵੀ ਜ਼ਾਹਿਰ ਕੀਤੀ ਹੈ। ਵਿਭਾਗ ਨੇ ਦੱਸਿਆ ਕਿ ਮੌਨਸੂਨ ਇਸ ਸਮੇਂ ਹਿਮਾਚਲ ਪ੍ਰਦੇਸ਼, ਲੱਦਾਖ਼, ਕਸ਼ਮੀਰ, ਜੰਮੂ ਤੇ ਦਿੱਲੀ ਦੇ ਬਹੁਤੇ ਹਿੱਸਿਆਂ ਦੇ ਨਾਲ ਨਾਲ ਪੰਜਾਬ ਤੇ ਹਰਿਆਣਾ ਦੇ ਕੁਝ ਹਿੱਸਿਆਂ 'ਚ ਪਹੁੰਚ ਚੁੱਕਾ ਹੈ। ਵਿਭਾਗ ਨੇ ਕਿਹਾ, 'ਮੌਨਸੂਨ ਦੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਜੰਮੂ ਦੇ ਬਾਕੀ ਹਿੱਸਿਆਂ ਤੇ ਚੰਡੀਗੜ੍ਹ ਵੱਲ ਵਧਣ ਲਈ ਸਥਿਤੀਆਂ ਪੂਰੀ ਤਰ੍ਹਾਂ ਢੁੱਕਵੀਆਂ ਹਨ ਅਤੇ ਆਉਂਦੇ 2-3 ਦਿਨਾਂ ਅੰਦਰ ਇਹ ਇੱਥੇ ਪਹੁੰਚ ਜਾਵੇਗਾ।' ਵਿਭਾਗ ਨੇ ਦੱਸਿਆ ਕਿ 29 ਤੇ 30 ਜੂਨ ਨੂੰ ਹਿਮਾਚਲ ਪ੍ਰਦੇਸ਼, 30 ਜੂਨ ਤੇ 1 ਜੁਲਾਈ ਨੂੰ ਪੰਜਾਬ ਅਤੇ 29 ਜੂਨ ਤੋਂ 1 ਜੁਲਾਈ ਤੱਕ ਹਰਿਆਣਾ, ਚੰਡੀਗੜ੍ਹ ਤੇ ਦਿੱਲੀ 'ਚ ਭਾਰੀ ਮੀਂਹ ਪੈ ਸਕਦਾ ਹੈ।

ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ ਤੇ ਨੇੜਲੇ ਇਲਾਕਿਆਂ 'ਚ ਅੱਜ ਭਾਰੀ ਮੀਂਹ ਪਿਆ ਹੈ ਤੇ ਮੌਸਮ ਵਿਭਾਗ ਨੇ ਸੱਤ ਜ਼ਿਲ੍ਹਿਆਂ 'ਚ ਅਗਲੇ ਦੋ ਦਿਨ ਭਾਰੀ ਮੀਂਹ ਪੈਣ ਦੀ ਸੰਭਾਵਨਾ ਜ਼ਾਹਿਰ ਕਰਦਿਆਂ ਔਰੇਂਜ ਅਲਰਟ ਅਤੇ 1 ਤੇ 2 ਜੁਲਾਈ ਲਈ ਯੈਲੋ ਅਲਰਟ ਜਾਰੀ ਕੀਤਾ ਹੈ। ਚੰਬਾ, ਕਾਂਗੜਾ, ਕੁੱਲੂ, ਮੰਡੀ, ਸ਼ਿਮਲਾ, ਸਿਰਮੌਰ ਤੇ ਸੋਲਨ ਜ਼ਿਲ੍ਹਿਆਂ 'ਚ 29 ਤੇ 30 ਜੂਨ ਨੂੰ ਭਾਰੀ ਮੀਂਹ ਪੈਣ ਦੇ ਨਾਲ ਨਾਲ ਨੰਗ੍ਹੀ ਚੱਲਣ ਤੇ ਬਿਜਲੀ ਲਿਸ਼ਕਣ ਦੀ ਸੰਭਾਵਨਾ ਹੈ।

# ਹਾਕੀ ਖਿਡਾਰੀਆਂ ਦਾ ਸਨਮਾਨ

**ਸ਼ਾਹਬਾਦ ਮਾਰਕੰਡਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜ ਸੇਵੀ ਭੂਮਨਿਊ ਸ਼ਰਮਾ ਤੇ ਵਿਵੇਕ ਰੋਹਿਲਾ ਨੇ ਅੱਜ ਦਰੋਣਾਚਾਰੀਆ ਸਟੇਡੀਅਮ ਵਿੱਚ ਹਾਕੀ ਖਿਡਾਰੀਆਂ ਦਾ ਸਨਮਾਨ ਕੀਤਾ। ਇਸ ਉਪਰੰਤ ਉਨ੍ਹਾਂ ਨੇ ਕਿਹਾ ਕਿ ਖੇਡ ਹੁਨਰ ਨੂੰ ਨਿਖਾਰਨ ਤੇ ਉਨ੍ਹਾਂ ਨੂੰ ਖੇਡ ਸਹੂਲਤਾਂ ਪ੍ਰਦਾਨ ਕਰਨ ਦੇ ਮੰਤਵ ਨਾਲ ਅੱਜ ਖਿਡਾਰੀਆਂ ਨੂੰ ਖੇਡ ਕਿੱਟਾਂ ਵੰਡੀਆਂ ਗਈਆਂ। ਉਨ੍ਹਾਂ ਕਿਹਾ ਕਿ ਖੇਡਾਂ ਵਿਚ ਨੌਜਵਾਨਾਂ ਦੇ ਉਜਵਲ ਭਵਿੱਖ ਦੀਆਂ ਸੰਭਾਵਨਾਵਾਂ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵਿਚ ਆਪਣਾ ਭਵਿੱਖ ਬਣਾਉਣ ਲਈ ਖੇਡ ਮੁਕਾਬਲਿਆਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ।

ਇਸ ਲਈ ਹਰ ਕਿਸੇ ਨੂੰ ਜਿੱਤ ਜਾਂ ਹਾਰ ਦੀ ਪ੍ਰਵਾਹ ਕੀਤੇ ਬਿਨਾਂ ਆਪਣੀ ਸ਼ਮੂਲੀਅਤ ਦਰਜ ਕਰਾਉਣੀ ਚਾਹੀਦੀ ਹੈ। ਮੁੱਖ ਹਾਕੀ ਕੋਚ ਗੁਰਵਿੰਦਰ ਸਿੰਘ ਨੇ ਖਿਡਾਰੀਆਂ ਨੂੰ ਕਿੱਟਾਂ ਦੇਣ ਲਈ ਸਮਾਜ ਸੇਵੀ ਭੁਪਿੰਦਰ ਸਿੰਘ ਤੇ ਸਾਵਨ ਮੋਰਖੀ ਦਾ ਵੀ ਧੰਨਵਾਦ ਕੀਤਾ

# ਡੁੱਬਣ ਕਾਰਨ ਦੋ ਨੌਜਵਾਨਾਂ ਦੀ ਮੌਤ

**ਏਲਨਾਬਾਦ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦੋ ਨੌਜਵਾਨਾਂ ਦੀ ਪਾਣੀ 'ਚ ਡੁੱਬਣ ਕਾਰਨ ਮੌਤ ਹੋ ਗਈ ਹੈ। ਪਹਿਲੇ ਮਾਮਲੇ 'ਚ ਨਾਥੂਸਰੀ ਚੌਪਟਾ ਬਲਾਕ ਦੇ ਪਿੰਡ ਢੂਕੜਾ ਨੇੜਿਓਂ ਲੰਘਦੀ ਨੌਹਰ ਫੀਡਰ ਨਹਿਰ ਵਿੱਚ ਨਹਾਉਣ ਗਏ ਨਾਰਨੌਂਦ ਦੇ ਇੱਕ ਨੌਜਵਾਨ ਦੀ ਡੁੱਬਣ ਕਾਰਨ ਮੌਤ ਹੋ ਗਈ। ਪੁਲੀਸ ਨੇ ਇਸ ਮਾਮਲੇ ਵਿੱਚ ਮ੍ਰਿਤਕ ਦੇ ਪਿਤਾ ਕ੍ਰਿਸ਼ਨ ਕੁਮਾਰ ਦੇ ਬਿਆਨਾਂ 'ਤੇ ਇਤਫਾਕੀਆ ਕਾਰਵਾਈ ਕੀਤੀ ਹੈ। ਜਾਣਕਾਰੀ ਅਨੁਸਾਰ ਅਸ਼ਵਨੀ ਕੁਮਾਰ (25) ਜੇਸੀਡੀ ਸਿਰਸਾ ਵਿੱਚ ਡੈਂਟਲ ਕਾਲਜ ਵਿੱਚ ਪ੍ਰੈਕਟਿਸ ਕਰਦਾ ਸੀ। ਉਹ ਕਿਸੇ ਜ਼ਰੂਰੀ ਕੰਮ ਲਈ ਜਮਾਲ ਪਿੰਡ ਗਿਆ ਹੋਇਆ ਸੀ। ਵਾਪਸ ਆਉਂਦੇ ਸਮੇਂ ਉਹ ਆਪਣਾ ਮੋਟਰਸਾਈਕਲ ਰੋਕ ਕੇ ਨਹਿਰ ਵਿੱਚ ਨਹਾਉਣ ਲੱਗਿਆ ਤਾਂ ਡੁੱਬ ਗਿਆ।

ਦੂਜੇ ਮਾਮਲੇ 'ਚ ਪਿੰਡ ਕਾਗਦਾਨਾ ਦੀ ਪੰਚਾਇਤੀ ਜ਼ਮੀਨ ਵਿੱਚ ਬਣੀ ਪਾਣੀ ਦੀ ਡਿੱਗੀ ਵਿੱਚ ਡਿੱਗਣ ਕਾਰਨ ਇੱਕ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਮਹਿਮੂਦ (19) ਵਾਸੀ ਕਾਗਦਾਨਾ ਵਜੋਂ ਹੋਈ ਹੈ।

# ਪੰਜਾਬ ਪੁਲਿਸ ਵੱਲੋਂ ਪਾਕਿਸਤਾਨ ਦੀ ਹਮਾਇਤ ਵਾਲੇ ਨਸ਼ਾ ਤਸਕਰੀ ਦੇ ਦੋ ਹੋਰ ਰੈਕੇਟਾਂ ਦਾ ਪਰਦਾਫਾਸ਼; 8 ਕਿਲੋ ਹੈਰੋਇਨ ਅਤੇ 3 ਪਿਸਤੌਲਾਂ ਸਮੇਤ ਛੇ ਕਾਬੂ

**ਅੰਮ੍ਰਿਤਸਰ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਸਰਹੱਦ ਪਾਰੋਂ ਨਸ਼ਾ ਤਸਕਰੀ ਦੇ ਰੈਕੇਟ ਨੂੰ ਇੱਕ ਹੋਰ ਵੱਡਾ ਝਟਕਾ ਦਿੰਦਿਆਂ ਪੰਜਾਬ ਪੁਲਿਸ ਨੇ 6 ਵਿਅਕਤੀਆਂ ਨੂੰ 8 ਕਿਲੋਗ੍ਰਾਮ ਹੈਰੋਇਨ ਅਤੇ ਤਿੰਨ ਪਿਸਤੌਲਾਂ ਸਮੇਤ ਗ੍ਰਿਫਤਾਰ ਕਰਕੇ ਪਾਕਿਸਤਾਨ ਦੀ ਹਮਾਇਤ ਵਾਲੇ ਨਸ਼ਾ ਤਸਕਰੀ ਦੇ ਦੋ ਹੋਰ ਰੈਕੇਟਾਂ ਦਾ ਪਰਦਾਫਾਸ਼ ਕੀਤਾ ਹੈ। ਦੱਸਣਯੋਗ ਹੈ ਕਿ ਇਹ ਦੋਵੇਂ ਖੁਫੀਆ ਕਾਰਵਾਈਆਂ ਅੰਮ੍ਰਿਤਸਰ ਦਿਹਾਤੀ ਪੁਲਿਸ ਵੱਲੋਂ ਕੀਤੀਆਂ ਗਈਆਂ।

ਹੋਰ ਜਾਣਕਾਰੀ ਦਿੰਦਿਆਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦੱਸਿਆ ਕਿ ਇਹ ਸਫ਼ਲਤਾ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਵੱਲੋਂ ਪਾਕਿਸਤਾਨ ਅਧਾਰਤ ਤਸਕਰਾਂ ਦੁਆਰਾ ਚਲਾਏ ਜਾ ਰਹੇ ਸਰਹੱਦ ਪਾਰੋਂ ਨਸ਼ਾ ਤਸਕਰੀ ਦੇ ਦੋ ਰੈਕੇਟਾਂ ਦਾ ਪਰਦਾਫਾਸ਼ ਕਰਕੇ ਤਿੰਨ ਨਸ਼ਾ ਤਸਕਰਾਂ ਨੂੰ 9.2 ਕਿਲੋਗ੍ਰਾਮ ਹੈਰੋਇਨ (8.2 ਕਿਲੋ + 1 ਕਿਲੋਗ੍ਰਾਮ) ਸਮੇਤ ਗ੍ਰਿਫ਼ਤਾਰ ਕਰਨ ਤੋਂ ਇੱਕ ਦਿਨ ਬਾਅਦ ਹਾਸਲ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਪੁਲਿਸ ਨੂੰ ਖੁਫੀਆ ਜਾਣਕਾਰੀ ਮਿਲੀ ਸੀ ਕਿ ਹੀਰੋ ਸਪਲੈਂਡਰ ਮੋਟਰਸਾਈਕਲ 'ਤੇ ਸਵਾਰ ਦੋ ਵਿਅਕਤੀ ਨਸ਼ੀਲੇ ਪਦਾਰਥਾਂ ਦੀ ਖੇਪ ਲੈ ਕੇ ਜਾ ਰਹੇ ਹਨ, ਜਿਸ 'ਤੇ ਕਾਰਵਾਈ ਕਰਦਿਆਂ ਅੰਮ੍ਰਿਤਸਰ ਦਿਹਾਤੀ ਦੀਆਂ ਪੁਲਿਸ ਟੀਮਾਂ ਨੇ ਪਿੰਡ ਬਚੀਵਿੰਡ ਵਿਖੇ ਇੱਟਾਂ ਦੇ ਭੱਠੇ ਨੇੜੇ ਉਨ੍ਹਾਂ ਨੂੰ ਘੇਰ ਲਿਆ।

ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਅੰਮ੍ਰਿਤਸਰ ਦੇ ਪਿੰਡ ਮੰਝ ਦੇ ਰਹਿਣ ਵਾਲੇ ਗੁਰਭੇਜ ਸਿੰਘ ਅਤੇ ਜਸਕਰਨ ਸਿੰਘ ਨਾਮੀ ਦੋ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਉਨ੍ਹਾਂ ਦੇ ਕਬਜ਼ੇ ਵਿੱਚੋਂ 6 ਕਿਲੋ ਹੈਰੋਇਨ ਅਤੇ ਤਿੰਨ ਪਿਸਤੌਲ, ਜਿਨ੍ਹਾਂ ਵਿੱਚ ਇੱਕ 9 ਐਮਐਮ ਗਲੋਕ ਅਤੇ ਦੋ .32 ਬੋਰ ਪਿਸਤੌਲ ਸ਼ਾਮਲ ਹਨ, ਬਰਾਮਦ ਕਰਕੇ ਮੁਲਜ਼ਮਾਂ ਦਾ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ।

ਇਸ ਸਬੰਧੀ ਐੱਨ.ਡੀ.ਪੀ.ਐੱਸ. ਐਕਟ ਦੀਆਂ ਧਾਰਾਵਾਂ 21-ਸੀ, 25 ਤੇ 29 ਅਤੇ ਅਸਲਾ ਐਕਟ ਦੀ ਧਾਰਾ 25 ਅਧੀਨ ਥਾਣਾ ਲੋਪੋਕੇ, ਅੰਮ੍ਰਿਤਸਰ ਵਿਖੇ ਮੁਕੱਦਮਾ ਨੰਬਰ 134 ਮਿਤੀ 29/06/2024 ਦਰਜ ਕੀਤਾ ਗਿਆ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਇੱਕ ਹੋਰ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਅੰਮ੍ਰਿਤਸਰ ਦਿਹਾਤੀ ਪੁਲਿਸ ਦੀਆਂ ਪੈਟਰੋਲਿੰਗ ਟੀਮਾਂ ਨੇ ਥਾਣਾ ਲੋਪੋਕੇ ਦੀ ਹਦੂਦ ਅੰਦਰ ਪੈਂਦੇ ਪਿੰਡ ਨੂਰਪੁਰ ਨੇੜੇ 2 ਕਿਲੋ ਹੈਰੋਇਨ ਦੀ ਖੇਪ ਦੀ ਡੀਲ ਕਰਦਿਆਂ ਪਿਉ-ਪੁੱਤ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਨਸ਼ਿਆਂ ਦੀ ਖੇਪ ਪਹੁੰਚਾਉਣ ਜਾ ਰਹੇ ਦੋਵੇਂ ਵਿਅਕਤੀਆਂ ਦੀ ਪਛਾਣ ਬਲਬੀਰ ਸਿੰਘ ਅਤੇ ਉਸ ਦਾ ਪੁੱਤਰ ਆਕਾਸ਼ਦੀਪ ਸਿੰਘ ਦੋਵੇਂ ਵਾਸੀ ਕੋਹਾਲੀ, ਅੰਮ੍ਰਿਤਸਰ ਵਜੋਂ ਹੋਈ ਹੈ, ਜਦੋਂਕਿ ਗ੍ਰਿਫਤਾਰ ਕੀਤੇ ਗਏ ਦੋ ਹੋਰ ਵਿਅਕਤੀਆਂ, ਜੋ ਖੇਪ ਲੈਣ ਆਏ ਸਨ, ਦੀ ਪਛਾਣ ਫਿਲਪਸ ਅਤੇ ਜੋਬਨਜੀਤ ਸਿੰਘ ਵਾਸੀ ਪਿੰਡ ਮੂਲਚੱਕ, ਅੰਮ੍ਰਿਤਸਰ ਵਜੋਂ ਹੋਈ ਹੈ।

ਪੁਲਿਸ ਟੀਮਾਂ ਨੇ ਮੁਲਜ਼ਮਾਂ ਕੋਲੋਂ 2 ਕਿਲੋ ਹੈਰੋਇਨ ਬਰਾਮਦ ਕਰਨ ਤੋਂ ਇਲਾਵਾ ਉਨ੍ਹਾਂ ਦੇ ਕਬਜ਼ੇ 'ਚੋਂ 30,000 ਰੁਪਏ ਦੀ ਡਰੱਗ ਮਨੀ ਅਤੇ ਉਨ੍ਹਾਂ ਦਾ ਐਕਟਿਵਾ ਸਕੂਟਰ ਤੇ ਇੱਕ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ। ਇਸ ਸਬੰਧੀ ਥਾਣਾ ਲੋਪੋਕੇ ਅੰਮ੍ਰਿਤਸਰ ਵਿਖੇ ਐਨਡੀਪੀਐਸ ਐਕਟ ਦੀਆਂ ਧਾਰਾਵਾਂ 21-ਸੀ, 25, 27-ਏ ਅਤੇ 29 ਤਹਿਤ ਮੁਕੱਦਮਾ ਨੰਬਰ 132 ਮਿਤੀ 28/06/2024 ਦਰਜ ਕੀਤਾ ਗਿਆ ਹੈ।

# ਕਾਰਗਿਲ ਦੇ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ

**ਸ਼ਾਹਬਾਦ ਮਾਰਕੰਡਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਫੌਜ ਦੇ ਐਡੀਸ਼ਨਲ ਜਨਰਲ ਆਰਟਿਲਰੀ ਮੇਜਰ ਜਨਰਲ ਅਰਵਿੰਦ ਯਾਦਵ ਨੇ ਕਿਹਾ ਹੈ ਕਿ ਕੌਮ ਨੂੰ ਦੇਸ਼ ਲਈ ਸ਼ਹੀਦ ਹੋਣ ਵਾਲੇ ਸ਼ਹੀਦਾਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਜੋ ਕੌਮ ਆਪਣੇ ਸ਼ਹੀਦਾਂ ਨੂੰ ਭੁੱਲ ਜਾਂਦੀ ਹੈ, ਉਹ ਖਤਮ ਹੋ ਜਾਂਦੀ ਹੈ। ਸਮਾਜ ਨੂੰ ਹਮੇਸ਼ਾ ਦੇਸ਼ ਦੇ ਸੈਨਿਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਦਾ ਸਨਮਾਨ ਕਰਨਾ ਚਾਹੀਦਾ ਹੈ। ਯਾਦਵ ਅੱਜ ਯੂਨੀਵਰਸਿਟੀ ਦੇ ਸੈਨੇਟ ਹਾਲ ਵਿੱਚ ਵਿਜੈ ਦਿਵਸ ਸਿਲਵਰ ਜੁਬਲੀ ਫੈਸਟੀਵਲ ਤਹਿਤ ਕਰਵਾਏ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਬੋਲ ਰਹੇ ਸਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਦੀਪ ਜਗਾ ਕੇ ਪ੍ਰੋਗਰਾਮ ਦਾ ਸ਼ੁਭ ਆਰੰਭ ਕੀਤਾ। ਇਸ ਮੌਕੇ ਉਨ੍ਹਾਂ ਨੇ ਕਾਰਗਿਲ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਇਕ ਸੈਨਿਕ ਆਪਣਾ ਸਾਰਾ ਜੀਵਨ ਦੇਸ਼ ਦੀ ਸੇਵਾ ਤੇ ਸੁਰੱਖਿਆ ਨੂੰ ਸਮਰਪਿਤ ਕਰ ਦਿੰਦਾ ਹੈ। ਇਸ ਲਈ ਉਸ ਦਾ ਸਨਮਾਨ ਕਰਨਾ ਸਮਾਜ ਦੀ ਨੈਤਿਕ ਜ਼ਿੰਮੇਵਾਰੀ ਹੈ, ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਸੈਨਿਕਾਂ ਨੂੰ ਜੋੜਨ ਦਾ ਕੰਮ ਕਰਦੇ ਹਨ। ਪ੍ਰੋਗਰਾਮ ਵਿਚ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਮਹਾ ਸਿੰਘ ਪੂਨੀਆ ਨੇ ਦੱਸਿਆ ਕਿ ਕਾਰਗਿਲ ਦੇ ਸ਼ਹੀਦ ਸੈਨਿਕ ਸੰਜੀਵ ਕੁਮਾਰ ਦੀ ਮਾਤਾ ਪਾਰਵਤੀ ਦੇਵੀ, ਸ਼ਹੀਦ ਨਾਇਕ ਜਸਵਿੰਦਰ ਸਿੰਘ ਦੀ ਪਤਨੀ ਸਿਮਰਜੀਤ ਕੌਰ, ਸ਼ਹੀਦ ਸਿਪਾਹੀ ਗੁਲਾਬ ਸਿੰਘ ਦੀ ਮਾਤਾ ਮੇਰੋ ਦੇਵੀ, ਸ਼ਹੀਦ ਰਾਈਫਲਮੈਨ ਪਰਵੇਸ਼ ਕੁਮਾਰ ਦੀ ਮਾਤਾ ਕਮਲੇਸ਼ ਦੇਵੀ ਨੂੰ ਸਨਮਾਨਿਤ ਕੀਤਾ ਗਿਆ। ਸਾਰਿਆਂ ਨੂੰ ਸਨਮਾਨ ਵਜੋਂ 35-35 ਹਜ਼ਾਰ ਰੁਪਏ ਤੇ ਇਕ-ਇਕ ਸ਼ਾਲ ਦਿੱਤਾ ਗਿਆ। ਇਸ ਮੌਕੇ ਮੇਜਰ ਜਨਰਲ ਅਰਵਿੰਦ ਯਾਦਵ ਨੇ ਆਈਆਈਐੱਚਐੱਸ ਦੇ ਅਹਾਤੇ ਵਿਚ ਬੂਟੇ ਵੀ ਲਾਏ।

# ਕੈਂਟਰ ਦੀ ਲਪੇਟ 'ਚ ਆਉਣ ਕਾਰਨ ਦੰਪਤੀ ਦੀ ਮੌਤ

**ਯਮੁਨਾਨਗਰ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਪਿੰਡ ਦੋਵਧਰ ਨੇੜੇ ਦਵਾਈ ਲੈ ਕੇ ਪਰਤ ਰਹੇ ਮੋਟਰਸਾਈਕਲ ਸਵਾਰ ਜੋੜੇ ਨੂੰ ਰੇਤ ਨਾਲ ਭਰੇ ਕੈਂਟਰ ਨੇ ਦਰੜ ਦਿੱਤਾ। ਹਾਦਸੇ 'ਚ ਪਤੀ-ਪਤਨੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਸੁਭਾਸ਼ (45) ਵਾਸੀ ਦੇਵਧਰ ਤੇ ਸੁਮਨ (40) ਵਜੋਂ ਹੋਈ ਹੈ। ਹਾਦਸੇ ਤੋਂ ਬਾਅਦ ਸੌਂਕੜੇ ਪਿੰਡ ਵਾਸੀਆਂ ਨੇ ਲਾਸ਼ਾਂ ਸੜਕ 'ਤੇ ਰੱਖ ਕੇ ਜਾਮ ਲਾ ਦਿੱਤਾ ਤੇ ਆਰਟੀਏ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਖ਼?ਲਾਫ਼ ਮਾਈਨਿੰਗ ਨੂੰ ਲੈ ਕੇ ਨਾਅਰੇਬਾਜ਼ੀ ਕੀਤੀ।

ਪਿੰਡ ਵਾਸੀਆਂ ਦਾ ਕਹਿਣਾ ਸੀ ਕਿ ਖੇਤਰ ਵਿੱਚ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਮਾਈਨਿੰਗ ਦਾ ਕੰਮ ਜਾਰੀ ਹੈ ਅਤੇ ਆਮ ਲੋਕ ਬੇਲਗਾਮ ਵਾਹਨਾਂ ਹੇਠ ਆਪਣੀਆਂ ਜਾਨਾਂ ਗੁਆ ਰਹੇ ਹਨ।

ਸੂਚਨਾ ਮਿਲਦੇ ਹੀ ਥਾਣਾ ਪ੍ਰਤਾਪ ਨਗਰ ਦੇ ਪੁਲੀਸ ਅਧਿਕਾਰੀ, ਐੱਸਡੀਐੱਮ ਛਛਰੌਲੀ, ਆਰਟੀਏ ਅਤੇ ਹੋਰ ਅਧਿਕਾਰੀ ਮੌਕੇ 'ਤੇ ਪਹੁੰਚੇ। ਉਨ੍ਹਾਂ ਪਿੰਡ ਵਾਸੀਆਂ ਨੂੰ ਦੱਸਿਆ ਕਿ ਮੁਲਜ਼ਮ ਚਾਲਕ ਖ਼?ਲਾਫ਼ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਓਵਰਲੋਡ ਵਾਹਨਾਂ ਵਿਰੁੱਧ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ। ਇਸ ਭਰੋਸੇ 'ਤੇ ਪਿੰਡ ਵਾਸੀ ਸ਼ਾਂਤ ਹੋਏ।

# ਕਤਲ ਦੇ ਦੋਸ਼ ਹੇਠ 7 ਗ੍ਰਿਫ਼ਤਾਰ

**ਅੰਬਾਲਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨੱਗਲ ਥਾਣੇ ਅਧੀਨ ਪਿੰਡ ਦਾਨੀਪੁਰ ਵਾਸੀ ਲੜਕੇ ਗੁਰਪ੍ਰੀਤ ਦੀ ਹੱਤਿਆ ਦੇ ਮਾਮਲੇ 'ਚ ਸੀਆਈਏ-1 ਨੇ ਸੱਤ ਮੁਲਜ਼ਮਾਂ ਨੂੰ ਕਾਬੂ ਕੀਤਾ ਹੈ। ਫੜੇ ਗਏ ਮੁਲਜ਼ਮਾਂ ਦੀ ਪਛਾਣ ਗੁਰਦਾਸ ਸਿੰਘ ਉਰਫ਼ ਮਾਟੂ ਵਾਸੀ ਬਕਨੌਰ, ਜਸਬੀਰ ਸਿੰਘ ਉਰਫ਼ ਜੱਸੀ, ਅਮਨਦੀਪ ਸਿੰਘ ਉਰਫ਼ ਅਮਨ ਵਾਸੀ ਮੈਤਲਾ, ਸਾਹਿਲ ਉਰਫ਼ ਸ਼ੰਟੀ ਵਾਸੀ ਬਕਨੌਰ ਅਤੇ ਮਨੀਸ਼ ਕੁਮਾਰ ਉਰਫ਼ ਅਮਨ ਪੰਡਿਤ ਨਿਵਾਸੀ ਰਵਾਲੋਂ ਵਜੋਂ ਹੋਈ ਹੈ, ਜਿਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕਰਕੇ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਹੈ ਗਿਆ ਹੈ।

ਇਸ ਮਾਮਲੇ ਵਿਚ ਸ਼ਾਮਲ ਨਾਬਾਲਗ ਨੂੰ ਪੁਲੀਸ ਦੀ ਨਿਗਰਾਨੀ ਹੇਠ ਬਾਲ ਸੁਧਾਰ ਘਰ ਭੇਜਿਆ ਗਿਆ ਹੈ। ਪੁਲੀਸ ਦੇ ਤਰਜਮਾਨ ਨੇ ਦੱਸਿਆ ਕਿ ਇਸ ਮਾਮਲੇ ਵਿਚ 23 ਜੂਨ ਨੂੰ ਫੜੇ ਮੁਲਜ਼ਮ ਰਾਮ ਕਰਣ ਉਰਫ਼ ਕਰਣੀ ਵ

*ਜਦ ਕਦ ਵਾ ਮਨੁਖਾ ਕਦਰਾ-ਕਾਮਤਾ ਜਾ ਇਨਸਾਨਾਅਤ ਨਾਲ ਜੁੜ ਪਖਾ ਦਾ ਪਾਹਰਦਾਗ ਦਾ ਵਕਤ ਆਇਆ ਤਾਂ ਸਿੱਖ ਸ਼ਹੀਦਾਂ ਨੇ ਵਕਤ ਦੇ ਹਾਕਮਾਂ ਪਾਸੋਂ ਕਿਸੇ ਕਿਸਮ ਦੀ ਕੋਈ ਰਿਆਇਤ ਨਹੀਂ ਮੰਗੀ। ਉਨ੍ਹਾਂ ਨੇ ਅਣਮਨੁੱਖੀ ਤਸੀਹਿਆਂ ਨੂੰ ਵੀ ਪਰਮਾਤਮਾ ਦੀ ਰਜ਼ਾ ਸਮਝ ਕੇ ਕਬੂਲ ਕੀਤਾ...*

# ਧਰਮ ਲਈ ਬੰਦ-ਬੰਦ ਕਟਵਾਉਣ ਵਾਲੇ ਭਾਈ ਮਨੀ ਸਿੰਘ ਜੀ

9 ਜੁਲਾਈ, ਸ਼ਹੀਦੀ ਦਿਵਸ

ਰਮੇਸ਼ ਬੱਗਾ ਚੋਹਲਾ

ਸਿੱਖ ਇਤਿਹਾਸ ਦੇ ਪੰਨਿਆਂ ਨੂੰ ਜੇ ਗਹੁ ਨਾਲ ਦੇਖਿਆ ਜਾਵੇ ਤਾਂ ਇਨ੍ਹਾਂ ਪੰਨਿਆਂ ਦੀ ਇਬਾਰਤ ਸ਼ਹੀਦਾਂ ਨੇ ਆਪਣੇ ਖ਼ੂਨ ਨਾਲ ਲਿਖੀ ਹੈ। ਇਸ ਇਬਾਰਤ ਦੀ ਬਨਾਵਟ ਤੇ ਸਜਾਵਟ ਵਿਚ ਦੁੱਧ ਪੀਂਦੇ ਬੱਚਿਆਂ ਤੋਂ ਲੈ ਕੇ ਅੱਸੀ ਸਾਲ ਤਕ ਦੇ ਬਾਬਿਆਂ ਦੇ ਬਲੀਦਾਨ ਦੀ ਅਨੋਖੀ ਤੇ ਦਲੇਰਾਨਾ ਪਹੁੰਚ ਕੰਮ ਕਰ ਰਹੀ ਹੈ। ਇਹ ਇਬਾਰਤ ਇਸ ਗੱਲ ਨੂੰ ਤਸਦੀਕ ਕਰਦੀ ਹੈ ਕਿ ਇਸ ਦੇ ਸਿਰਜਕਾਂ ਨੇ ਆਪਣੇ ਸਰੀਰ ਦੇ ਬੰਦ-ਬੰਦ ਤਾਂ ਹੱਸ ਕੇ ਕਟਵਾ ਲਏ ਪਰ ਕਿਸੇ ਵੀ ਕੀਮਤ 'ਤੇ ਸਿੱਖੀ ਦੇ ਸਿਧਾਂਤਾਂ ਨੂੰ ਢਾਹ ਨਹੀਂ ਲੱਗਣ ਦਿੱਤੀ। ਜਦ ਕਦੇ ਵੀ ਮਨੁੱਖੀ ਕਦਰਾਂ-ਕੀਮਤਾਂ ਜਾਂ ਇਨਸਾਨੀਅਤ ਨਾਲ ਜੁੜੇ ਪੱਖਾਂ ਦੀ ਪਹਿਰੇਦਾਰੀ ਦਾ ਵਕਤ ਆਇਆ ਤਾਂ ਸਿੱਖ ਸ਼ਹੀਦਾਂ ਨੇ ਵਕਤ ਦੇ ਹਾਕਮਾਂ ਪਾਸੋਂ ਕਿਸੇ ਕਿਸਮ ਦੀ ਕੋਈ ਰਿਆਇਤ ਨਹੀਂ ਮੰਗੀ ਸਗੋਂ ਅਣਮਨੁੱਖੀ ਤਸੀਹਿਆਂ ਨੂੰ ਵੀ ਪਰਮਾਤਮਾ ਦੀ ਰਜ਼ਾ ਸਮਝ ਕੇ ਸਹਿਣ ਕਰ ਲਿਆ। ਇਸੇ ਤਰ੍ਹਾਂ ਦੀ ਸਹਿਣਸ਼ੀਲਤਾ ਦਾ ਪ੍ਰਗਟਾਵਾ ਕਰਨ ਵਾਲਿਆਂ 'ਚ ਸ਼ਾਮਲ ਹਨ ਸ਼ਹੀਦ ਭਾਈ ਮਨੀ ਸਿੰਘ ਜੀ।

ਸ਼ਹੀਦ ਭਾਈ ਮਨੀ ਸਿੰਘ ਜੀ ਦੇ ਜਨਮ ਬਾਰੇ ਵਿਦਵਾਨਾਂ 'ਚ ਕੁਝ ਮਤਭੇਦ ਹਨ ਪਰ ਭੱਟ ਵਹੀਆਂ ਅਤੇ ਪੰਡਾ ਵਹੀਆਂ ਦੀ ਲਿਖਤ ਅਨੁਸਾਰ ਉਨ੍ਹਾਂ ਦਾ ਜਨਮ 10 ਮਾਰਚ 1644 ਈਸਵੀ ਨੂੰ ਪਿਤਾ ਭਾਈ ਮਾਈਦਾਸ ਅਤੇ ਮਾਤਾ ਮਧਰੀ ਬਾਈ ਦੇ ਗ੍ਰਹਿ ਵਿਖੇ ਪਿੰਡ ਅਲੀਪੁਰ ਜ਼ਿਲ੍ਹਾ ਮੁਜੱਫ਼ਰਗੜ੍ਹ (ਪਾਕਿਸਤਾਨ) ਵਿਖੇ ਹੋਇਆ। ਭਾਈ ਮਨੀ ਸਿੰਘ ਦੇ ਪਰਿਵਾਰ ਦਾ ਨਾਤਾ ਗੁਰੂ ਨਾਨਕ ਪਾਤਸ਼ਾਹ ਦੇ ਘਰ ਨਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਜੁੜਦਾ ਹੈ। ਭਾਈ ਸਾਹਿਬ ਦੇ ਦਾਦਾ ਭਾਈ ਬਲੂ ਰਾਉ ਛੇਵੇਂ ਪਾਤਸ਼ਾਹ ਦੀ ਫ਼ੌਜ 'ਚ ਜਰਨੈਲ ਸਨ। ਭਾਈ ਮਾਈਦਾਸ ਦੇ ਇਕ ਦਰਜਨ ਸਪੁੱਤਰ ਸਨ, ਜਿਨ੍ਹਾਂ ਵਿੱਚੋਂ 11 ਸਪੁੱਤਰਾਂ ਨੇ ਸਿੱਖ ਆਦਰਸ਼ਾਂ ਦੀ ਰਾਖੀ ਕਰਦਿਆਂ ਆਪਣੀਆਂ ਜਾਨਾਂ ਤਕ ਦੀ ਪਰਵਾਹ ਨਹੀਂ ਕੀਤੀ।

ਜਦੋਂ ਭਾਈ ਮਨੀ ਸਿੰਘ ਦੀ ਉਮਰ 13 ਸਾਲ ਦੀ ਹੋਈ ਤਾਂ ਭਾਈ ਮਾਈਦਾਸ ਉਸ ਨੂੰ ਨਾਲ ਲੈ ਕੇ ਸੱਤਵੇਂ ਪਾਤਸ਼ਾਹ ਗੁਰੂ ਹਰਿਰਾਇ ਸਾਹਿਬ ਦੇ ਦਰਬਾਰ ਸ੍ਰੀ ਕੀਰਤਪੁਰ ਸਾਹਿਬ ਵਿਖੇ ਆ ਨਤਮਸਤਕ ਹੋਏ। ਜਦੋਂ ਬਾਲਕ ਮਨੀਏ (ਭਾਈ ਮਨੀ ਸਿੰਘ ਜੀ) ਨੇ ਗੁਰੂ ਹਰਿਰਾਇ ਸਾਹਿਬ ਦੇ ਚਰਨਾਂ 'ਤੇ ਮੱਥਾ ਟੇਕਿਆ ਤਾਂ ਉਸ ਦੇ ਸੁੰਦਰ ਸਰੂਪ ਨੂੰ ਦੇਖ ਕੇ ਗੁਰੂ ਸਾਹਿਬ ਕਹਿਣ ਲੱਗੇ, 'ਮਨੀਆ ਗੁਨੀਆ ਹੋਵੇਗਾ ਬੀਚ ਜਗ ਸਾਰੇ।' ਦੋ ਸਾਲ ਗੁਰੂ ਘਰ 'ਚ ਬਰਤਨ ਸਾਫ਼ ਕਰਨ ਦੀ ਸੇਵਾ ਕਰਦਿਆਂ ਬਾਲਕ ਮਨੀਏ ਨੇ ਆਪਣੇ ਮਨ ਦੀ ਮੈਲ ਗੁਆ ਲਈ ਤੇ ਉਹ ਨਿਰਮਲ ਤੇ ਨਿਰਛਲ ਹਿਰਦੇ ਦੇ ਮਾਲਕ ਬਣ ਗਏ। ਜਦੋਂ ਭਾਈ ਮਨੀਏ ਦੀ ਉਮਰ 16 ਕੁ ਸਾਲ ਦੀ ਹੋਈ ਤਾਂ ਉਨ੍ਹਾਂ ਦਾ ਆਨੰਦ ਕਾਰਜ ਬੀਬੀ ਸੀਤੋ ਪੁੱਤਰੀ ਭਾਈ ਲੱਖੀਸ਼ਾਹ ਵਾਸੀ ਖੇਰਪੁਰ ਨਾਲ ਹੋ ਗਿਆ।

ਆਨੰਦ ਕਾਰਜ ਦੀ ਸੰਪੂਰਨਤਾ ਤੋਂ ਬਾਅਦ ਭਾਈ ਮਨੀ ਸਿੰਘ ਆਪਣੇ ਦੋ ਭਰਾਵਾਂ ਭਾਈ ਜੇਠਾ ਜੀ ਅਤੇ ਭਾਈ ਦਿਆਲਾ ਜੀ ਸਮੇਤ ਮੁੜ ਕੀਰਤਪੁਰ ਸਾਹਿਬ ਆ ਗਏ। ਗੁਰੂ ਹਰਿਰਾਇ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਜੀ ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਸੇਵਾ ਵਿਚ ਜੁਟ ਗਏ। ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਬਾਬੇ ਬਕਾਲੇ ਗੁਰੂ ਤੇਗ਼ ਬਹਾਦਰ ਸਾਹਿਬ ਕੋਲ ਆ ਗਏ। ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਪੂਰਬ ਵੱਲ ਧਰਮ ਪ੍ਰਚਾਰ ਕਰ ਕੇ ਵਾਪਸ ਸ੍ਰੀ ਅਨੰਦਪੁਰ ਸਾਹਿਬ ਆਏ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੀ ਹਾਜ਼ਰੀ ਇਥੇ ਲਗਵਾਉਣੀ ਸ਼ੁਰੂ ਕਰ ਦਿੱਤੀ। ਗੁਰੂ ਸਾਹਿਬ ਨੇ ਭਾਈ ਸਾਹਿਬ ਨੂੰ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰਨ ਦੀ ਸੇਵਾ ਸੌਂਪੀ, ਜਿਸ ਨੂੰ ਆਪ ਨੇ ਤਨਦੇਹੀ ਨਾਲ ਨਿਭਾਇਆ।

ਮਜ਼ਲੂਮਾਂ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਨ ਲਈ ਜਦੋਂ ਨੌਵੇਂ ਪਾਤਸ਼ਾਹ 'ਹਿੰਦ ਦੀ ਚਾਦਰ' ਬਣ ਕੇ ਦਿੱਲੀ ਵੱਲ ਨੂੰ ਰਵਾਨਾ ਹੋਏ ਤਾਂ ਭਾਈ ਮਨੀ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਕੋਲ ਹੀ ਰਹਿ ਗਏ। ਦਸਮ ਪਿਤਾ ਦੀ ਹਜ਼ੂਰੀ 'ਚ ਰਹਿ ਕੇ ਭਾਈ ਸਾਹਿਬ ਦੀ ਬੌਧਿਕਤਾ 'ਚ ਕਾਫ਼ੀ ਨਿਖ਼ਾਰ ਆਇਆ। ਇਸ ਨਿਖ਼ਾਰ ਸਦਕਾ ਉਹ ਸਿੱਖ ਧਰਮ ਦੇ ਮਹਾਨ ਵਿਦਵਾਨ ਬਣ ਗਏ। ਭੰਗਾਣੀ ਦੇ ਯੁੱਧ ਵਿਚ ਭਾਈ ਮਨੀ ਸਿੰਘ ਜੀ ਨੇ ਗੁਰੂ ਸਾਹਿਬ ਦਾ ਭਰਪੂਰ ਸਾਥ ਦਿੱਤਾ। ਇਸ ਜੰਗ ਵਿਚ ਉਨ੍ਹਾਂ ਦੇ ਭਰਾ ਹਰੀ ਚੰਦ ਸ਼ਹਾਦਤ ਦਾ ਜਾਮ ਪੀ ਗਏ। ਜਦੋਂ ਇਕ ਸਾਲ ਬਾਅਦ ਨਦੌਣ ਦੀ ਜੰਗ ਲੜੀ ਗਈ ਤਾਂ ਭਾਈ ਮਨੀ ਸਿੰਘ ਜੀ ਦੀ ਬਹਾਦਰੀ ਤੇ ਵਫ਼ਾਦਾਰੀ ਨੂੰ ਮੁੱਖ ਰੱਖਦਿਆਂ ਗੁਰੂ ਸਾਹਿਬ ਵੱਲੋਂ ਉਨ੍ਹਾਂ ਨੂੰ 'ਦੀਵਾਨ' ਦੀ ਉਪਾਧੀ ਬਖ਼ਸ਼ਿਸ਼ ਕੀਤੀ ਗਈ।

1699 ਈਸਵੀ ਵਿਚ ਜਦੋਂ ਪਾਤਸ਼ਾਹ ਨੇ ਵਿਸਾਖੀ ਦੇ ਦਿਹਾੜੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੇ ਭਰਾਵਾਂ ਤੇ ਪੁੱਤਰਾਂ ਸਮੇਤ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕੀਤੀ। ਆਪ ਜੀ ਦਾ ਨਾਂ ਭਾਈ ਮਨੀਏ ਤੋਂ ਭਾਈ ਮਨੀ ਸਿੰਘ ਹੋ ਗਿਆ। ਇਸ ਤਰ੍ਹਾਂ ਗੁਰੂ-ਦਰਬਾਰ ਵਿਚ ਉਨ੍ਹਾਂ ਦਾ ਮਾਣ-ਸਤਿਕਾਰ ਪਹਿਲਾਂ ਨਾਲੋਂ ਵੀ ਵਧ ਗਿਆ। ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਰੋਜ਼ਾਨਾ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਸਨ। ਸ੍ਰੀ ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਸਮੇਂ ਜਦੋਂ ਪਹਾੜੀ ਰਾਜਿਆਂ ਨੇ ਹਾਥੀ ਨੂੰ ਸ਼ਰਾਬ ਨਾਲ ਮਸਤਾਇਆ ਤਾਂ ਉਸ ਦਾ ਮੂੰਹ-ਤੋੜ ਜਵਾਬ ਵੀ ਭਾਈ ਮਨੀ ਸਿੰਘ ਜੀ ਦੇ ਫ਼ਰਜ਼ੰਦ ਭਾਈ ਬਚਿੱਤਰ ਸਿੰਘ ਤੇ ਭਾਈ ਉਦੈ ਸਿੰਘ ਨੇ ਹੀ ਦਿੱਤਾ ਸੀ। ਇਨ੍ਹਾਂ ਦੋਵਾਂ ਸਿੰਘਾਂ ਦੀ ਬਹਾਦਰੀ ਤੋਂ ਪ੍ਰਸੰਨ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਦੋਵਾਂ ਨੂੰ ਵਿਸ਼ੇਸ਼ ਹੁਕਮਨਾਮੇ ਦੀ ਬਖ਼ਸ਼ਿਸ਼ ਕੀਤੀ।

ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਤਕ, ਜਿੱਥੇ ਦਸਵੇਂ ਪਾਤਸ਼ਾਹ ਦਾ ਪਰਿਵਾਰ ਤੇ ਜਾਨ ਤੋਂ ਪਿਆਰੇ ਸਿੰਘ ਸ਼ਹੀਦ ਹੋ ਗਏ, ਉੱਥੇ ਭਾਈ ਮਨੀ ਸਿੰਘ ਜੀ ਦੇ ਪੰਜ ਪੁੱਤਰ ਵੀ ਸਿੱਖ ਧਰਮ ਤੋਂ ਕੁਰਬਾਨ ਹੋਏ। ਸ੍ਰੀ ਮੁਕਤਸਰ ਸਾਹਿਬ ਦੀ ਜੰਗ ਤੋਂ ਬਾਅਦ ਜਦੋਂ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਪਹੁੰਚੇ ਤਾਂ ਭਾਈ ਮਨੀ ਸਿੰਘ ਨੇ ਵੀ ਉੱਥੇ ਪਹੁੰਚ ਕੇ ਨਮਸਕਾਰ ਕੀਤੀ। ਗੁਰੂ ਸਾਹਿਬ ਨੇ ਭਾਈ ਸਾਹਿਬ ਪਾਸੋਂ ਦਮਦਮੀ ਬੀੜ ਲਿਖਵਾਈ, ਜਿਸ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਵੀ ਦਰਜ ਕੀਤੀ ਗਈ।

ਸੰਨ 1721 ਤੋਂ ਭਾਈ ਮਨੀ ਸਿੰਘ ਜੀ ਸਿੱਖ ਕੌਮ ਦੀ ਰਹਿਨੁਮਾਈ ਕਰ ਰਹੇ ਸਨ। ਦੀਵਾਲੀ ਤੇ ਵਿਸਾਖੀ ਦੇ ਤਿਉਹਾਰਾਂ ਮੌਕੇ ਉਹ ਇਕ ਵੱਡਾ ਇਕੱਠ ਕਰ ਕੇ ਸਿੱਖ ਸੰਗਤਾਂ ਨੂੰ ਆਪਸ ਵਿਚ ਮਿਲਾਉਣ ਦਾ ਯਤਨ ਕਰਦੇ ਸਨ। ਇਨ੍ਹਾਂ ਇਕੱਤਰਤਾਵਾਂ ਸਦਕਾ ਹੀ ਸਿੱਖ ਕੌਮ ਸੰਕਟ ਦੇ ਸਮਿਆਂ ਵਿਚ ਵੀ ਚੜ੍ਹਦੀ ਕਲਾ 'ਚ ਰਹਿੰਦੀ ਰਹੀ। 70 ਸਾਲ ਉਮਰ ਹੋ ਜਾਣ ਕਰਕੇ ਭਾਈ ਮਨੀ ਸਿੰਘ ਜੀ ਦਾ ਸਰੀਰ ਬੇਸ਼ੱਕ ਕੁਝ ਕਮਜ਼ੋਰ ਪੈ ਰਿਹਾ ਸੀ ਪਰ ਉਨ੍ਹਾਂ ਅੰਦਰ ਸਿੱਖੀ ਦੇ ਪ੍ਰਚਾਰ-ਪਸਾਰ ਦਾ ਉਤਸ਼ਾਹ ਅਜੇ ਵੀ ਜਵਾਨ ਸੀ।

ਸੰਮਤ 1790 ਦਾ ਦੀਵਾਲੀ ਦਾ ਪੁਰਬ ਨੇੜੇ ਆ ਰਿਹਾ ਸੀ। ਇਸ ਸਮੇਂ ਆਪ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਸੇਵਾ-ਸੰਭਾਲ ਮੁੱਖ ਗ੍ਰੰਥੀ ਦੇ ਰੂਪ 'ਚ ਕਰ ਰਹੇ ਸਨ। ਇਸ ਪੁਰਬ ਨੂੰ ਮਨਾਉਣ ਲਈ ਭਾਈ ਸਾਹਿਬ ਆਪਣੇ ਸਾਥੀਆਂ ਸਰਦਾਰ ਸੁਬੇਗ ਸਿੰਘ ਤੇ ਸਰਦਾਰ ਸੂਰਤ ਸਿੰਘ ਨੂੰ ਨਾਲ ਲੈ ਕੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਕੋਲ ਗਏ। ਸੂਬੇਦਾਰ ਨੇ 10 ਹਜ਼ਾਰ ਰੁਪਏ ਦੀ ਰਕਮ ਜਜ਼ੀਏ ਦੇ ਤੌਰ 'ਤੇ ਮੰਗ ਲਈ, ਜੋ ਭਾਈ ਮਨੀ ਸਿੰਘ ਨੇ ਜੋੜ ਮੇਲੇ ਉਪਰੰਤ ਦੇਣੀ ਮੰਨ ਲਈ। ਆਪਸੀ ਸਹਿਮਤੀ ਦੇ ਬਾਵਜੂਦ ਜ਼ਕਰੀਆ ਖ਼ਾਨ ਦਾ ਮਨ ਬੇਈਮਾਨ ਹੋ ਗਿਆ ਤੇ ਉਸ ਨੇ ਦਰਬਾਰ ਸਾਹਿਬ ਵਿਖੇ ਇਕੱਤਰ ਹੋਣ ਵਾਲੀ ਸੰਗਤ ਨੂੰ ਖ਼ਤਮ ਕਰਨ ਦੀ ਠਾਣ ਲਈ। ਜਦੋਂ ਭਾਈ ਮਨੀ ਸਿੰਘ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਸੰਗਤਾਂ ਨੂੰ ਉੱਥੇ ਆਉਣ ਤੋਂ ਰੋਕਣ ਲਈ ਸਿੰਘਾਂ ਨੂੰ ਭੇਜਿਆ। ਸੰਗਤਾਂ ਦਾ ਇਕੱਠ ਨਹੀਂ ਹੋਇਆ। ਭਾਈ ਮਨੀ ਸਿੰਘ ਜੀ ਨੇ ਹਕੂਮਤ ਦੇ ਇਸ ਵਿਹਾਰ ਦੀ ਨਿਖੇਧੀ ਕੀਤੀ। ਜ਼ਕਰੀਆ ਖ਼ਾਨ ਨੇ ਭਾਈ ਸਾਹਿਬ ਕੋਲੋਂ ਜਜ਼ੀਏ ਦੀ ਰਕਮ ਵਸੂਲ ਕਰਨੀ ਚਾਹੀ ਤਾਂ ਭਾਈ ਮਨੀ ਸਿੰਘ ਨੇ ਕਿਹਾ ਕਿ 'ਇਕੱਠ ਤਾਂ ਤੁਸੀਂ ਹੋਣ ਨਹੀਂ ਦਿੱਤਾ ਫਿਰ ਕਿਹੜੀ ਰਕਮ ਦੀ ਗੱਲ ਕਰਦੇ ਹੋ?' ਭਾਈ ਮਨੀ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਦਰਬਾਰ 'ਚ ਪੇਸ਼ ਕੀਤਾ ਗਿਆ। ਜ਼ਕਰੀਆ ਖ਼ਾਨ ਨੇ ਜੁਰਮਾਨਾ ਨਾ ਭਰਨ 'ਤੇ ਇਸਲਾਮ ਕਬੂਲ ਕਰਨ ਦੀ ਸ਼ਰਤ ਰੱਖ ਦਿੱਤੀ, ਜਿਸ ਨੂੰ ਭਾਈ ਸਾਹਿਬ ਨੇ ਨਾਮਨਜ਼ੂਰ ਕਰ ਦਿੱਤੀ। ਕੋਈ ਗੱਲ ਨਾ ਬਣਦੀ ਦੇਖ ਕੇ ਸੂਬੇਦਾਰ ਨੇ ਭਾਈ ਸਾਹਿਬ ਦੇ ਸਰੀਰ ਦਾ ਬੰਦ-ਬੰਦ ਕੱਟਣ ਦਾ ਹੁਕਮ ਦੇ ਦਿੱਤਾ। ਹੁਕਮ ਦੀ ਤਾਮੀਲ ਕਰਨ ਲਈ ਸਿਪਾਹੀ ਉਨ੍ਹਾਂ ਨੂੰ ਸ਼ਾਹੀ ਕਿਲ੍ਹੇ ਦੇ ਮੈਦਾਨ ਵਿਚ ਲੈ ਗਏ। ਭਾਈ ਮਨੀ ਸਿੰਘ ਨੇ ਇਸ ਸਜ਼ਾ ਨੂੰ ਵਾਹਿਗੁਰੂ ਦਾ ਭਾਣਾ ਸਮਝ ਕੇ ਸਵੀਕਾਰ ਕੀਤਾ ਤੇ ਸ਼ਹਾਦਤ ਦਾ ਜਾਮ ਪੀ ਗਏ। •

94631-32719

---

# ਸਮਾਜ ਸੇਵਾ ਨੂੰ ਸਮਰਪਿਤ ਸਾਲਵੇਸ਼ਨ ਆਰਮੀ ਚਰਚ

ਜਾਰਜ ਸੋਨੀ

ਸਾਲਵੇਸ਼ਨ ਆਰਮੀ ਚਰਚ ਦੀ ਸਥਾਪਨਾ 2 ਜੁਲਾਈ 1865 ਨੂੰ ਮੈਥੋਡਿਸਟ ਚਰਚ ਦੇ ਪਾਦਰੀ ਵਿਲੀਅਮ ਬੂਥ ਤੇ ਉਨ੍ਹਾਂ ਦੀ ਪਤਨੀ ਕੈਥਰੀਨ ਬੂਥ ਨੇ ਕੀਤੀ ਸੀ। ਇੰਜ ਇਹ ਮੈਥੋਡਿਸਟ ਚਰਚ ਤੋਂ ਹੀ ਵੱਖ ਹੋਏ ਮਸੀਹੀ ਭਾਈਚਾਰੇ ਦਾ ਇਕ ਹਿੱਸਾ ਹੈ। ਹੁਣ ਇਹ ਇਕ ਅੰਤਰਰਾਸ਼ਟਰੀ ਚਰਚ ਹੈ। ਇਸ ਦਾ ਮੁੱਖ ਕੰਮ ਪ੍ਰਭੂ ਯਿਸੂ ਮਸੀਹ ਦਾ ਪ੍ਰਚਾਰ ਤੇ ਸਮਾਜ ਭਲਾਈ ਦੇ ਕੰਮ ਕਰਨਾ ਹੈ। 'ਸਾਲਵੇਸ਼ਨ ਆਰਮੀ' ਨਾਂ ਤੋਂ ਜਾਪਦਾ ਹੈ ਜਿਵੇਂ ਇਹ ਕੋਈ ਜੰਗੀ ਫ਼ੌਜ ਹੋਵੇ। ਅਸਲ 'ਚ ਇਸ ਦੇ ਅਹੁਦੇ ਫ਼ੌਜੀ ਅਹੁਦਿਆਂ ਦੇ ਨਾਵਾਂ 'ਤੇ ਰੱਖੇ ਗਏ ਹਨ। ਇਸ ਪਿੱਛੇ ਕਾਰਨ ਇਹ ਸੀ ਕਿ ਸ਼ੁਰੂ ਵਿਚ ਬਹੁਤ ਸਾਰੇ ਫ਼ੌਜੀ ਅਫ਼ਸਰ ਤੇ ਜਵਾਨ ਇਸ ਵਿਚ ਸ਼ਾਮਲ ਹੋਏ ਸਨ ਤੇ ਉਨ੍ਹਾਂ ਅੰਦਰ ਮਨੁੱਖਤਾ ਦੀ ਸੇਵਾ ਦਾ ਜਜ਼ਬਾ ਬਹੁਤ ਜ਼ਿਆਦਾ ਸੀ।

ਸਾਲਵੇਸ਼ਨ ਆਰਮੀ ਚਰਚ ਵੱਲੋਂ ਲੋੜਵੰਦਾਂ ਦੀ ਮਦਦ ਲਈ ਬਹੁਤ ਉਪਰਾਲੇ ਕੀਤੇ ਗਏ ਤੇ ਇਹ ਉੱਦਮ ਲਗਾਤਾਰ ਜਾਰੀ ਹੈ। ਇਹ ਚਰਚ ਬੇਘਰੇ ਲੋਕਾਂ ਲਈ ਛੱਤ ਦਾ ਇੰਤਜ਼ਾਮ ਕਰਦਾ ਹੈ। ਹਸਪਤਾਲਾਂ ਤੇ ਚੈਰੀਟੇਬਲ ਸੰਸਥਾਵਾਂ ਰਾਹੀਂ ਸਮਾਜ ਸੇਵਾ 'ਚ ਇਸ ਨੇ ਵਰਨਣਯੋਗ ਯੋਗਦਾਨ ਪਾਇਆ ਹੈ। ਸਾਲਵੇਸ਼ਨ ਆਰਮੀ ਚਰਚ ਵਿਚ ਪਾਦਰੀ ਨੂੰ ਲੈਫ਼ਟੀਨੈਂਟ ਕਿਹਾ ਜਾਂਦਾ ਹੈ। ਉਸ ਤੋਂ ਵੱਡਾ ਰੈਂਕ ਮੇਜਰ ਦਾ ਹੈ ਤੇ ਫਿਰ ਸੀਨੀਅਰ ਪਾਦਰੀਆਂ ਦੇ ਅਹੁਦੇ ਫ਼ੌਜ ਦੇ ਅਹੁਦਿਆਂ ਵਾਂਗ ਹੀ ਵਧਦੇ ਜਾਂਦੇ ਹਨ। ਸਾਲਵੇਸ਼ਨ ਆਰਮੀ ਚਰਚ ਦੇ ਮੌਜੂਦਾ ਮੁਖੀ ਦਾ ਨਾਂ ਜਨਰਲ ਐਂਡਰਿਊ ਹੈ। ਚਰਚ ਦੇ 17 ਲੱਖ ਤੋਂ ਵੱਧ ਮੈਂਬਰ ਹਨ ਤੇ ਇਸ ਅਧੀਨ 26,359 ਅਦਾਰੇ ਹਨ। ਇਸ ਦੀਆਂ 15,500 ਤੋਂ ਵੱਧ ਕਲੀਸੀਆਵਾਂ (ਸ਼ਰਧਾਲੂ) ਹਨ। ਇਸ ਦੇ ਸ਼ਰਧਾਲੂ 128 ਦੇਸ਼ਾਂ 'ਚ ਫੈਲੇ ਹਨ।

ਸਾਲਵੇਸ਼ਨ ਆਰਮੀ ਚਰਚ ਵੱਲੋਂ ਗ਼ਰੀਬ ਮਰੀਜ਼ਾਂ ਦੇ ਮੁਫ਼ਤ ਇਲਾਜ ਲਈ ਕਈ ਹਸਪਤਾਲ ਚਲਾਏ ਜਾ ਰਹੇ ਹਨ, ਜਿੱਥੇ ਆਮ ਲੋਕਾਂ ਨੂੰ ਬਹੁਤ ਘੱਟ ਫੀਸ 'ਤੇ ਵਧੀਆ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ। ਸਾਲਵੇਸ਼ਨ ਆਰਮੀ ਚਰਚ ਦਾ ਏਜੰਡਾ ਪਾਪਾਂ ਤੇ ਗ਼ਰੀਬੀ ਤੋਂ ਆਜ਼ਾਦੀ ਹੈ। ਲੋਕ-ਭਲਾਈ ਦੇ ਕੰਮਾਂ 'ਚ ਇਸ ਚਰਚ ਦਾ ਨਾਂ ਸਭ ਤੋਂ ਉੱਪਰ ਹੈ। ਇਸ ਦੇ ਬਾਵਜੂਦ ਭਾਰਤ 'ਚ ਕੁਝ ਲੋਕ ਜਾਣਬੁੱਝ ਕੇ ਚਰਚ ਨੂੰ ਬਦਨਾਮ ਕਰ ਰਹੇ ਹਨ ਤੇ ਉਨ੍ਹਾਂ ਉੱਪਰ ਧਰਮ-ਪਰਿਵਰਤਨ ਵਰਗੇ ਇਲਜ਼ਾਮ ਲਗਾਏ ਜਾ ਰਹੇ ਹਨ। ਅਜਿਹਾ ਕੋਈ ਦੋਸ਼ ਕਦੇ ਸਿੱਧ ਨਹੀਂ ਹੋਇਆ। ਸਿੱਖਿਆ, ਸਮਾਜ ਭਲਾਈ, ਕਾਨਵੈਂਟ ਸਕੂਲ, ਹਸਪਤਾਲ ਤੇ ਚੈਰੀਟੇਬਲ ਸੰਸਥਾਵਾਂ ਰਾਹੀਂ ਮਸੀਹੀ ਸੰਸਥਾਵਾਂ ਦਾ ਯੋਗਦਾਨ ਵਡਮੁੱਲਾ ਹੈ ਤੇ ਸੇਵਾ ਹੀ ਉਨ੍ਹਾਂ ਦਾ ਮੁੱਖ ਉਦੇਸ਼ ਹੈ। ਮਸੀਹੀ ਮਿਸ਼ਨਾਂ ਨੂੰ ਚਾਹੀਦਾ ਹੈ ਕਿ ਸਾਰੇ ਨਹੀਂ ਤਾਂ ਕੁਝ ਖ਼ਾਸ ਏਜੰਡਿਆਂ 'ਤੇ ਇਕਜੁੱਟ ਹੋਇਆ ਜਾਵੇ। ਸਮੇਂ ਦੀ ਇਹੋ ਮੰਗ ਹੈ। ਇਨ੍ਹਾਂ ਮਿਸ਼ਨਾਂ ਤੇ ਚਰਚਾਂ ਦੇ ਨਾਂ ਭਾਵੇਂ ਵੱਖ-ਵੱਖ ਹਨ ਪਰ ਮੁੱਖ ਮੰਤਵ ਪ੍ਰਭੂ ਯਿਸੂ ਮਸੀਹ ਦੇ ਜੀਵਨ ਤੇ ਉਨ

# ਗਲੋਬਲ ਵਾਰਮਿੰਗ ਦਾ ਸੰਸਾਰ ਤੇ ਖੱਤਰਾ ਮੰਡਰਾ ਰਿਹਾ ਹੈ: ਪੁਨੀਤ ਗੁਪਤਾ ਗੋਪੀ

**ਪਟਿਆਲਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਤਾਵਰਨ ਦੀ ਸੁੱਧਤਾ ਲ ਈ ਪੋਦੇ ਲਗਾਉਣਾ ਬਹੁਤ ਜਰੂਰੀ ਹੈ।ਕਿਉਕਿ ਅੱਜ ਕੱਲ ਗਲੋਬਲ ਵਾਰਮਿੰਗ ਦਾ ਸੰਸਾਰ ਤੇ ਖਤਰਾ ਮੰਡਰਾ ਰਿਹਾ ਹੈ।ਜੇ ਸਾਡਾ ਵਾਤਾਵਰਨ ਸੁੱਧ ਹੋਵੇਗਾ ਤਾਂ ਲੋਕਾ ਦੀ ਸਿਹਤ ਵੀ ਠੀਕ ਹੋਵੇਗੀ।ਪੋਦੇ ਉਥੇ ਹੀ ਲਗਾਏ ਜਾਣ ਜਿਥੇ ਇਹਨਾ ਦੀ ਪਾਲਣਾ ਵੀ ਕੀਤੀ ਜਾਵੇ।ਇਸੇ ਮੰਤਵ ਨਾਲ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ (ਰਜਿ) ਪਟਿਆਲਾ ਸਮਾਜ ਲ ਈ ਭਲਾਈ ਦੇ ਕੰਮ ਕਰ ਰਹੀ ਹੈ।ਜੋ ਸਲਾਘਾਯੋਗ ਕਦਮ ਹੈ।ਇਹਨਾ ਵਲੋ ਸਮੇਂ ਸਮੇਂ ਵਾਤਾਵਰਨ ਨੂੰ ਸੰਭਾਲਣ ਵਾਸਤੇ ਸਹਿਰ ਤੇ ਪਿੰਡਾ ਦੇ ਸਕੂਲਾ ਵਿੱਚ ਅਤੇ ਪਾਸੀ ਰੋਡ, ਸਸਸਸ ਮਲਟੀਪਰਪਜ ਸਕੂਲ ਵਿੱਚ, ਚਾਰਦਿਵਾਰੀ ਤੋ ਥਾਪਰ ਯੂਨੀਵਰਸਟੀ ਤੱਕ,ਸਟੇਟ ਕਾਲਜ, ਸਰਿਰਕ ਸਿੱਖਿਆ ਕਾਲਜ,ਵਿਕਰਮ ਕਾਲਜ ਦੀ ਬਾਹਰਲੀ ਦਿਵਾਰ,ਮੋਦੀ ਮੰਦਿਰ ਦੀ ਦਿਵਾਰ, ਬਹਾਵਲਪੁਰ ਪੈਲੇਸ ਦੇ ਸਾਹਮਣੇ, ਸੈਂਟਰ ਜੇਲ ਵਿੱਚ,ਸਿਵਲ ਲਾਇਨ, ਤ੍ਰਿਪੜੀ, ਸਕੂਲ ਵਿੱਚ ਥਾਣਿਆਂ, ਲੀਲਾ ਭਵਨ ਮਾਰਕਿਟ, ਭਾਸ਼ਾ ਵਿਭਾਗ, ਆਮ ਆਦਮੀ ਕਲਿਨਕ, ਨੋਲਥ ਜੋਨ ਕਲਚਰਲ, ਗੁਰਦੁਆਰਾ ਦੁਖਨਿਵਾਰਨ ਸਾਹਿਬ, ਨਹਿਰੂ ਪਾਰਕ, ਰੋਜ ਗਾਰਡਨ ਆਦਿ ਪੋਦੇ ਉਪਕਾਰ ਸਿੰਘ ਦੀ ਅਗਵਾਈ ਵਿੱਚ।ਲਗਾਉਦੇ ਹਨ।ਇਹਨਾ ਵਲੋ ਚਲਾਈ ਲਹਿਰ 'ਹਰ ਮਨੁੱਖ ਲਾਵੇ ਦੋ ਰੁੱਖ' ਪਿਛਲੇ ਦੋ ਦਹਾਕਿਆ ਚੱਲ ਰਹੀ ਹੈ।ਇਹਨਾ ਵਲੋ ਅੱਜ ਨਵੀ ਸੁਰੁਆਤ ਤਮਾਸਾ ਆਰਟ ਥੇਅਟਰ ਗਰੁਪ ਨਾਲ ਮਿਲਕੇ ਵਾਤਾਵਰਨ ਤੇ ਪਾਣੀ ਨੂੰ ਬਚਾਉਣ ਲ ਈ ਨੁਕੜ ਨਾਟਕਾ ਰਾਹੀ ਆਮ ਪਬਲਿਕ ਨੂੰ ਹੋਕਾ ਦਿਤਾ ਜਾ ਰਿਹਾ ਹੈ। ਆਉਣ ਵਾਲੀ ਪਿੜੀ ਲ ਈ ਵਾਤਾਵਰਨ ਤੇ ਪਾਣੀ ਦੀ ਕਿਵੇਂ ਸੰਭਾਲ ਕਰਿਏ।ਇਹ ਟੀਮ ਸੱਨੀ ਸਿੱਧੂ ਡਾਇਰੈਕਟਰ ਦੀ ਆਗਵਾਈ ਵਿੱਚ ਲਵਦੀਪ ਕੁਮਾਰ,ਵਿੱਕੀ ਚੁਹਾਨ,ਰਿੱਪਨ ਖੁੱਲਰ,ਰਵਿੰਦਰ ਸਿੰਘ ਨਵਤੇਜ ਸਿੰਘ ਬਤੋਰ ਕਲਕਾਰ ਕੰਮ ਕਰ ਰਹੇ ਹਨ। ਪਟਿਆਲਾ ਜਿਲ੍ਹੇ ਨੂੰ ਹਰਿਆ ਭਰਿਆ ਬਣਾਉਣ ਤੇ ਧਰਤੀ ਹੇਠਲਾ ਪਾਣੀ ਦੇ ਡਿਗਦੇ ਪੱਧਰ ਨੂੰ ਠੱਲ ਪਾਵਣ ਦੇ ਮਹੱਤਵ ਨਾਲ ਆਉਂਦੇ ਬਰਸਾਤੀ ਸੀਜਨ ਦੋਰਾਨ ਜ਼ਿਲ੍ਹੇ ਭਰ ਵਿੱਚ ਵੱਧ ਤੋ ਵੱਧ ਪੋਦੇ ਲਗਾਉਣ ਦਾ ਟੀਚਾ ਹੈ।ਮੈਂ ਇਸ ਸੁਸਾਇਟੀ ਨਾਲ ਪੋਦੇ ਲਗਾਉਣ ਵਿੱਚ ਮਨ ਧੰਨ ਨਾਲ ਸੇਵਾ ਕਰਾਂਗਾ ਇਹ ਵਿਚਾਰ ਪੂਨੀਤ ਗੁਪਤਾ (ਗੋਪੀ) ਨੈਸਨਲ ਜੁਆਇੰਟ ਸਕੱਤਰ ਵਿਜਨ ਇੰਟਰਨੈਨਲ ਫੈਡਰੇਸ਼ਨ ਨੇ ਨਹਿਰੂ ਪਾਰਕ ਵਿੱਚ ਬੋਲਦੇ ਕਹੇ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸਰਕਾਰੀ ਮੈਡੀਕਲ ਕਾਲਜ ਤੇ ਰਾਜਿੰਦਰਾ ਹਸਪਤਾਲ ਵਿਖੇ ਚੱਲ ਰਹੇ ਕਰੀਬ 150 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਲਿਆ ਜਾਇਜ਼ਾ

## ਮਿਥੇ ਸਮੇਂ 'ਚ ਪੂਰੇ ਕੀਤੇ ਜਾਣ ਚੱਲ ਰਹੇ ਵਿਕਾਸ ਕਾਰਜ ਤੇ ਗੁਣਵੱਤਾ ਦਾ ਰੱਖਿਆ ਜਾਵੇ ਵਿਸ਼ੇਸ਼ ਧਿਆਨ : ਡਾ. ਬਲਬੀਰ ਸਿੰਘ

**ਪਟਿਆਲਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੈਡੀਕਲ ਸਿੱਖਿਆ, ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸਰਕਾਰੀ ਮੈਡੀਕਲ ਕਾਲਜ ਵਿਖੇ ਇੱਕ ਉੱਚ ਪੱਧਰੀ ਮੀਟਿੰਗ ਕਰਦਿਆਂ ਕਾਲਜ ਅਤੇ ਸਰਕਾਰੀ ਰਾਜਿੰਦਰਾ ਹਸਪਤਾਲ ਵਿਖੇ ਕਰੀਬ 150 ਕਰੋੜ ਰੁਪਏ ਦੇ ਚੱਲ ਰਹੇ ਵੱਖ ਵੱਖ ਵਿਕਾਸ ਪ੍ਰੋਜੈਕਟਾਂ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਚੱਲ ਰਹੇ ਕੰਮ ਮਿਥੇ ਸਮੇਂ 'ਚ ਪੂਰੇ ਕਰਨੇ ਯਕੀਨੀ ਬਣਾਏ ਜਾਣ ਅਤੇ ਚੱਲ ਰਹੇ ਕੰਮਾਂ ਦੀ ਗੁਣਵੱਤਾ ਦਾ ਵੀ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿਹਤ ਖੇਤਰ 'ਚ ਕ੍ਰਾਂਤੀਕਾਰੀ ਸੁਧਾਰ ਲਿਆਉਣ ਲਈ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ।

ਇਸ ਮੌਕੇ ਉਨ੍ਹਾਂ ਦੱਸਿਆ ਕਿ ਸੀਨੀਅਰ ਰੈਜ਼ੀਡੈਂਟ ਡਾਕਟਰਾਂ ਲਈ 17.67 ਕਰੋੜ ਰੁਪਏ ਦੀ ਲਾਗਤ ਨਾਲ ਬਣਾਈ ਜਾ ਰਹੀ ਮਲਟੀ ਸਟੋਰੀ ਰਿਹਾਇਸ਼ ਦਾ ਕੰਮ 31 ਦਸੰਬਰ 2024 ਤੱਕ ਮੁਕੰਮਲ ਕੀਤਾ ਜਾਵੇਗਾ। ਜਦਕਿ ਮੈਡੀਕਲ ਕਾਲਜ ਸਟਾਫ਼ ਲਈ 15.58 ਕਰੋੜ ਰੁਪਏ ਨਾਲ ਬਣਾਈ ਜਾਣ ਵਾਲੀ ਰਿਹਾਇਸ਼ ਦਾ ਕੰਮ 5 ਜੁਲਾਈ 2024 ਤੱਕ ਸ਼ੁਰੂ ਕੀਤਾ ਜਾਵੇਗਾ। 76.32 ਕਰੋੜ ਰੁਪਏ ਨਾਲ ਉਸਾਰੀ ਜਾ ਰਹੀ ਦਰਜਾ ਤਿੰਨ ਅਤੇ ਚਾਰ ਦੇ ਮੁਲਾਜ਼ਮਾਂ ਦੀ ਰਿਹਾਇਸ਼ ਦਾ ਕੰਮ ਵੀ ਅਗਲੇ ਛੇ ਮਹੀਨੇ 'ਚ ਮੁਕੰਮਲ ਕਰ ਲਿਆ ਜਾਵੇਗਾ। 4.75 ਕਰੋੜ ਰੁਪਏ ਦੀ ਲਾਗਤ ਨਾਲ ਮੈਡੀਕਲ ਕਾਲਜ ਵਿਖੇ ਨਵੇਂ ਉਸਾਰੇ ਜਾ ਰਹੇ ਸਪੋਰਟਸ ਸਟੇਡੀਅਮ ਦਾ ਕਰੀਬ 90 ਫ਼ੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ ਜੋ 31 ਜੁਲਾਈ 2024 ਤੱਕ ਪੂਰਾ ਹੋ ਜਾਵੇਗਾ।

ਉਨ੍ਹਾਂ ਦੱਸਿਆ ਕਿ 13.52 ਕਰੋੜ ਰੁਪਏ ਨਾਲ ਜੂਨੀਅਰ ਡਾਕਟਰਾਂ ਦੀ ਉਸਾਰੀ ਜਾ ਰਹੀ ਰਿਹਾਇਸ਼ ਦਾ ਕੰਮ 30 ਸਤੰਬਰ ਤੱਕ ਮੁਕੰਮਲ ਹੋਵੇਗਾ। ਜਦਕਿ 31 ਲੱਖ ਰੁਪਏ ਨਾਲ ਆਡੀਓਲੋਜੀ ਰੂਮ (ਈ.ਐਨ.ਟੀ. ਵਿਭਾਗ) ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਸਟੇਟ ਆਫ਼ ਦੀ ਆਰਟ ਐਮਰਜੈਂਸੀ ਕਮ ਟਰੌਮਾ ਸੈਂਟਰ ਦੀ ਉਸਾਰੀ ਕੰਮ ਉਪਚਾਰਿਕਤਾਵਾਂ ਪੂਰੀਆਂ ਹੋਣ ਉਪਰੰਤ ਜਲਦੀ ਸ਼ੁਰੂ ਕੀਤਾ ਜਾਵੇਗਾ। ਸਿਹਤ ਮੰਤਰੀ ਨੇ ਦੱਸਿਆ ਕਿ ਰਾਜਿੰਦਰਾ ਹਸਪਤਾਲ ਦੇ ਈ.ਟੀ.ਪੀ. ਪਲਾਂਟ ਦਾ ਕੰਮ ਵੀ 95 ਫ਼ੀਸਦੀ ਮੁਕੰਮਲ ਹੋ ਚੁੱਕਾ ਹੈ ਤੇ ਲਗਾਤਾਰ ਟਰਾਇਲ ਕੀਤਾ ਜਾ ਰਿਹਾ ਹੈ। ਇਸ ਮੌਕੇ ਸਿਹਤ ਮੰਤਰੀ ਨੇ ਸਰਕਾਰੀ ਰਾਜਿੰਦਰਾ ਹਸਪਤਾਲ ਵਿਖੇ ਮਰੀਜ਼ਾ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਸੁਵਿਧਾ ਲਈ ਮੁੱਖ ਮੰਤਰੀ ਪੋਸੈਂਟ ਫੈਸੀਲੇਸ਼ਨ ਸੈਂਟਰ ਲਈ ਜਗ੍ਹਾ ਦੀ ਸ਼ਨਾਖਤ ਕਰਨ ਸਮੇਤ ਸੈਂਟਰ ਵਿੱਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ 'ਤੇ ਵਿਚਾਰ ਚਰਚਾ ਕੀਤੀ।

ਮੀਟਿੰਗ ਉਪਰੰਤ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸਰਕਾਰੀ ਰਾਜਿੰਦਰਾ ਹਸਪਤਾਲ ਦੇ ਐਮਰਜੈਂਸੀ, ਆਈ.ਸੀ.ਯੂ ਸਮੇਤ ਵੱਖ ਵੱਖ ਵਾਰਡਾਂ ਦਾ ਦੌਰਾ ਕਰਦਿਆਂ ਮਰੀਜ਼ਾਂ ਅਤੇ ਮਰੀਜ਼ਾਂ ਦੇ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਤਰਜੀਹੀ ਸਿਹਤ ਖੇਤਰ ਵਿੱਚ ਲਗਾਤਾਰ ਸੁਧਾਰ ਦੇ ਉਪਰਾਲੇ ਕੀਤਾ ਜਾ ਰਹੇ ਹਨ, ਜਿਸ ਤਹਿਤ ਦਾਖਲ ਮਰੀਜ਼ਾਂ ਨੂੰ ਮੁਫ਼ਤ ਹਸਪਤਾਲ ਦੇ ਅੰਦਰੋਂ ਹੀ ਦਵਾਈਆਂ ਦੀ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਮੌਕੇ ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਕੋਈ ਵੀ ਮਰੀਜ਼ ਜਾਂ ਪਰਿਵਾਰਕ ਮੈਂਬਰ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਾ ਆਉਣ ਦਿੱਤੀ ਜਾਵੇ ਅਤੇ ਸਾਰੀਆਂ ਦਵਾਈਆਂ ਹਸਪਤਾਲ ਵੱਲੋਂ ਮੁਹੱਈਆ ਕਰਵਾਉਣੀਆਂ ਯਕੀਨੀ ਬਣਾਈਆਂ ਜਾਣ। ਉਨ੍ਹਾਂ ਕਿਹਾ ਕਿ ਜੇਕਰ ਦਵਾਈ ਹਸਪਤਾਲ ਤੋਂ ਬਾਹਰ ਤੋਂ ਮੰਗਵਾਉਣ ਦਾ ਮਾਮਲਾ ਸਾਹਮਣੇ ਆਇਆ ਦਾ ਸਬੰਧਤ ਅਧਿਕਾਰੀ ਖਿਲਾਫ਼ ਸਖਤ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਇਸ ਮੌਕੇ ਡਾਇਰੈਕਟਰ ਮੈਡੀਕਲ ਸਿੱਖਿਆ ਤੇ ਖੋਜ ਡਾ. ਅਵਨੀਸ਼ ਕੁਮਾਰ, ਡਾਇਰੈਕਟਰ ਪ੍ਰਿੰਸੀਪਲ ਮੈਡੀਕਲ ਕਾਲਜ ਡਾ. ਰਾਜਨ ਸਿੰਗਲਾ, ਕਰਨਲ ਜੇ.ਵੀ. ਸਿੰਘ, ਡਾ ਰਜਨੀਸ਼ ਕੁਮਾਰ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਸਪੈਸ਼ਲ ਮੁਫ਼ਤ ਡੇਅਰੀ ਸਿਖਲਾਈ ਕੋਰਸ ਲਈ ਬਿਨੈਕਾਰਾਂ ਦੀ ਚੋਣ 8 ਜੁਲਾਈ ਨੂੰ

**ਪਟਿਆਲਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚ ਡੇਅਰੀ ਧੰਦੇ ਨੂੰ ਪ੍ਰਫੁੱਲਿਤ ਕਰਨ ਲਈ ਅਨੁਸੂਚਿਤ ਜਾਤੀ ਉਮੀਦਵਾਰਾਂ ਲਈ ਮੁਫ਼ਤ ਡੇਅਰੀ ਸਿਖਲਾਈ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ ਤਾਂ ਜੋ ਸੂਬੇ ਨੂੰ ਆਤਮ ਨਿਰਭਰ ਬਣਾਉਣ ਲਈ ਇਨ੍ਹਾਂ ਅਗਾਂਹਵਧੂ ਸਕੀਮਾਂ ਨਾਲ ਅਨੁਸੂਚਿਤ ਜਾਤੀ ਦੇ ਦੁੱਧ ਉਤਪਾਦਕਾਂ ਨੂੰ ਭਰਪੂਰ ਵਿੱਤੀ ਲਾਭ ਦਿੱਤਾ ਜਾ ਸਕੇ।

ਇਸੇ ਸਕੀਮ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਪਟਿਆਲਾ ਚਰਨਜੀਤ ਸਿੰਘ ਨੇ ਦੱਸਿਆ ਕਿ ਮਿਤੀ 15-07-2024 ਨੂੰ ਦੋ ਹਫ਼ਤੇ ਦਾ ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਅਨੁਸੂਚਿਤ ਜਾਤੀ ਸਪੈਸ਼ਲ ਡੇਅਰੀ ਸਿਖਲਾਈ ਕੋਰਸ ਡੇਅਰੀ ਸਿਖਲਾਈ ਤੇ ਵਿਸਥਾਰ ਸੇਵਾ ਕੇਂਦਰ, ਸੰਗਰੂਰ, ਬੀਜਾ (ਲੁਧਿਆਣਾ) ਸੈਂਟਰਾਂ ਵਿਖੇ ਸ਼ੁਰੂ ਕੀਤਾ ਜਾ ਰਿਹਾ ਹੈ । ਸਿਖਲਾਈ ਕੋਰਸ ਲਈ ਉਮੀਦਵਾਰਾਂ ਦੀ ਕਾਊਂਸਲਿੰਗ ਮਿਤੀ 08-07-2024 ਨੂੰ ਸਵੇਰੇ 10:00 ਵਜੇ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਪਟਿਆਲਾ ਵਿਖੇ ਕੀਤੀ ਜਾਣੀ ਹੈ। ਉਨ੍ਹਾਂ ਦੱਸਿਆ ਕਿ ਸਿਖਲਾਈ ਪ੍ਰਾਪਤ ਕਰਨ ਦੇ ਚਾਹਵਾਨ ਉਮੀਦਵਾਰ ਦਫ਼ਤਰ ਵਿਖੇ ਘੱਟੋ ਘੱਟ ਪੰਜਵੀਂ ਪਾਸ ਦਾ ਸਰਟੀਫਿਕੇਟ, ਅਨੁਸੂਚਿਤ ਜਾਤੀ ਸਰਟੀਫਿਕੇਟ, ਅਧਾਰ ਕਾਰਡ, ਪੈਨ ਕਾਰਡ, ਬੈਂਕ ਖਾਤੇ ਦੀ ਕਾਪੀ, 1 ਫ਼ੋਟੋ ਨਾਲ ਲੈ ਕੇ ਆਉਣ। ਉਨ੍ਹਾਂ ਦੱਸਿਆ ਕਿ ਇਹ ਸਕੀਮ ਮਰਦ ਅਤੇ ਔਰਤ ਦੋਨਾਂ ਲਈ ਹੋਵੇਗੀ ਪਰ ਵਿਆਹੀਆਂ ਔਰਤਾਂ ਹੀ ਇਹ ਟ੍ਰੇਨਿੰਗ ਲਈ ਹੱਕਦਾਰ ਹੋਣਗੀਆਂ। ਉਨ੍ਹਾਂ ਦੱਸਿਆ ਕਿ ਸਿਖਲਾਈ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਨੂੰ 3500 ਰੁਪਏ ਵਜ਼ੀਫ਼ਾ ਦਿੱਤਾ ਜਾਵੇਗਾ।

ਸਿਖਿਆਰਥੀਆਂ ਲਈ ਟ੍ਰੇਨਿੰਗ ਦੀ ਉਮਰ 18 ਤੋਂ 55 ਸਾਲ ਅਤੇ ਪਿੰਡ ਦਾ ਵਸਨੀਕ ਹੋਣਾ ਜ਼ਰੂਰੀ ਹੈ ।ਚਾਹਵਾਨ ਉਮੀਦਵਾਰ ਦਫ਼ਤਰ ਡਿਪਟੀ ਡਾਇਰੈਕਟਰ, ਡੇਅਰੀ ਵਿਕਾਸ ਸਰਕਾਰੀ ਕੁਆਟਰ ਨੰਬਰ 313-321, ਬਲਾਕ-14 ਟਾਈਪ-5 , ਘਲੋੜੀ ਗੇਟ, ਸਾਹਮਣੇ ਮਹਿੰਦਰਾ ਕਾਲਜ ਗੇਟ, ਪਟਿਆਲਾ ਵਿਖੇ ਕਾਊਂਸਲਿੰਗ ਲਈ ਆਉਣ। ਅਨੁਸੂਚਿਤ ਜਾਤੀ ਦੇ ਉਮੀਦਵਾਰ ਵੱਧ ਤੋਂ ਵੱਧ ਸਰਕਾਰ ਦੀ ਇਸ ਸਕੀਮ ਦਾ ਲਾਹਾ ਲੈਣ। ਵਧੇਰੇ ਜਾਣਕਾਰੀ ਲਈ 78761-55166 ਜਾਂ 95920-01358 ਤੇ ਸੰਪਰਕ ਕਰ ਲਿਆ ਜਾਵੇ ਜੀ।

# ਸਬ-ਕਮੇਟੀ ਸਿੱਖਿਆ ਵਿਭਾਗ ਸਕੂਲਜ਼ ਵਿੱਚ ਸਫਾਈ ਸੇਵਕ ਅਤੇ ਚੌਕੀਦਾਰ ਨਿਗੁਣੀਆਂ ਉਜਰਤਾਂ ਤੇ ਭਰਤੀ ਕਰਨ ਦਾ ਵਿਰੋਧ

**ਪਟਿਆਲਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਵਿਭਾਗ ਸਕੂਲਜ਼ ਦੇ ਚੌਥਾਂ ਦਰਜਾ ਕਰਮਚਾਰੀਆਂ ਨੇ ਰਾਜ ਦੇ ਤਕਰੀਬਨ 8200 ਸਕੂਲਾਂ ਵਿੱਚ ਆਪ ਸਰਕਾਰ ਵਲੋਂ ਮਿਤੀ 08 ਅਗਸਤ 2023 ਨੂੰ ਇੱਕ ਆਦੇਸ਼ ਜਾਰੀ ਕਰਕੇ ਸਫਾਈ ਸੇਵਕਾ ਦੀ ਭਰਤੀ 3000 ਰੁਪਏ ਪ੍ਰਤੀ ਮਹੀਨਾ ਤੋਂ ਚੌਕੀਦਾਰ ਦੀ ਭਰਤੀ 5000 ਰੁਪਏ ਪ੍ਰਤੀ ਮਹੀਨਾ ਕਰਨ ਦਾ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ। ਇੱਥੇ ਸਿੱਖਿਆ ਦਫਤਰ ਵਿਖੇ ਬਿਤੇ ਦਿਨੀ ਇਸ ਦਾ ਵਿਰੋਧ ਜਾਰੀ ਰੱਖਿਆ ਤੇ ਮੰਗ ਕੀਤੀ ਕਿ ਕਿਰਤ ਕਾਨੂੰਨਾਂ ਮੁਤਾਬਿਕ ਘੱਟੋ—ਘੱਟ ਉਜਰਤਾ ਤੋਂ ਘੱਟ ਕਿਰਤੀਆਂ ਨੂੰ ਨਹੀਂ ਦਿੱਤੀ ਜਾ ਸਕਦੀ, ਪਰੰਤੂ ਆਪ ਸਰਕਾਰ ਨੇ ਇੱਕ ਸਮਾਜ ਦੇ ਵਿੱਚੋ ਨਿਗੁਣੀਆਂ ਉਜਰਤਾ ਤੇ ਭਰਤੀ ਕਰਨ ਦਾ ਫੁਰਮਾਨ ਜਾਰੀ ਕਰਕੇ ਉਹਨਾਂ ਨੂੰ ਆਰਥਿਕ ਤੌਰ ਤੇ ਇਸ ਮਹਿੰਗਾਈ ਵਿੱਚ ਕਮਜੋਰ ਕੀਤਾ ਜਾ ਰਿਹਾ ਸਕੂਲਾਂ ਵਿੱਚ ਹਜਾਰਾਂ ਖਾਲੀ ਪਈਆਂ ਚੌਥਾ ਦਰਜਾ ਕਰਮਚਾਰੀਆਂ ਦੀਆਂ ਅਸਾਮੀਆਂ ਤੇ ਰੈਗੂਲਰ ਭਰਤੀ ਨਹੀਂ ਕੀਤੀ ਜਾ ਰਹੀ। ਇਸ ਤਰ੍ਹਾਂ ਪਾਰਟ ਟਾਇਮ ਕਰਮੀ ਜ਼ੋ ਪਿਛਲੇ 20—25 ਸਾਲਾਂ ਤੋਂ ਲਗਾਤਾਰ ਕੰਮ ਕਰ ਰਹੇ ਹਨ ਦੀਆਂ ਸੇਵਾਵਾਂ ਨਿਯਮਤ ਨਹੀਂ ਕੀਤੀਆਂ ਜਾ ਰਹੀਆਂ ਅਤੇ ਇਸੇ ਤਰ੍ਹਾਂ ਸਕੂਲ ਵਿੱਚ ਲੰਬੇ ਸਮੇਂ ਤੋਂ ਮਿਡ-ਡੇ-ਮੀਲ ਹੈਲਪਰ ਅਤੇ ਕੁੱਕ ਨਿਗੁਣੀਆਂ ਤਨਖਾਹਾਂ ਤੇ ਕੰਮ ਕਰ ਰਹੇ ਹਨ ਮੰਗ ਕੀਤੀ ਜਾਂਦੀ ਹੈ ਕਿ ਉਹਨਾਂ ਦੀ ਉਜਾਰਤ ਵਿੱਚ ਵਾਧਾ ਕੀਤਾ ਜਾਵੇ। ਕਰਮਚਾਰੀਆਂ ਨੂੰ ਸਮੇਂ-ਸਮੇਂ ਸਿਰ ਵਰਦੀਆਂ ਦਿੱਤੀਆਂ ਜਾਣ ਅਤੇ ਉਹਨਾਂ ਨੂੰ ਸੀਲਿਵ ਅਤੇ ਜਨਾਪਾ ਛੁੱਟੀ ਦਿੱਤੀ ਜਾਵੇ ਅਤੇ ਘੱਟੋ-ਘੱਟ 5 ਲੱਖ ਦਾ ਬੀਮਾ ਕੀਤਾ ਜਾਵੇ ਤਾਂ ਜੋ ਉਹਨਾਂ ਦੇ ਕਿਸੇ ਦੁਰਘਟਨਾ ਸਮੇਂ ਕੰਮ ਆਵੇ। ਇਹ ਜਾਣਕਾਰੀ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਸਕੂਲ ਸਿੱਖਿਆ ਦੇ ਪ੍ਰਧਾਨ ਰਾਮ ਪ੍ਰਸਾਦ ਸਹੋਤਾ ਨੇ ਦਿੱਤੀ ਤੇ ਕਿਹਾ ਕਿ ਮਿਤੀ: 27—09—2023 ਨੂੰ ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ (ਸਕੂਲਜ਼) ਨਾਲ ਮੀਟਿੰਗ ਕਰਕੇ ਸਿੱਖਿਆ ਵਿਭਾਗ ਸਕੂਲਜ਼ ਵਿਚਲਿਆਂ ਮੰਗਾਂ ਤੇ ਉਪਰੋਕਤ ਇਸ਼ੂ ਧਿਆਨ ਵਿੱਚ ਲਿਆਦੇ ਗਏ ਤੇ ਭਰੋਸਾ ਦੇਣ ਉਪਰੰਤ ਪਤਨਾਲਾ ਅੱਜ ਵੀ ਉੱਥੇ ਦਾ ਉੱਥੇ ਹੀ ਹੈ। ਇਕਤਰ ਹੋਏ ਚੌਥਾ ਦਰਜਾ ਮੁਲਾਜਮਾਂ, ਪਾਰਟ ਟਾਇਮ ਕਰਮੀਆਂ ਜਿਸ ਵਿੱਚ ਸਰਵ ਸ੍ਰੀ ਰਾਮ ਪ੍ਰਸਾਦ ਸਹੋਤਾ ਨੇ ਮੰਗ ਕੀਤੀ ਕਿ ਸਕੂਲਾਂ ਵਿੱਚ ਰੈਗੂਲਰ ਭਰਤੀ ਕੀਤੀ ਜਾਵੇ ਤੇ ਘੱਟੋ—ਘੱਟ ਉਜਰਤਾਂ ਦਿੱਤੀਆਂ ਜਾਣ। ਉਹ ਛੇਤੀ ਹੀ ਰੋਸ ਰੈਲੀ ਕਰਨਗੇ। ਇਸ ਮੀਟਿੰਗ ਵਿੱਚ ਸ਼ਾਮਲ ਸਾਥੀ ਤਰਸੇਮ ਲਾਲ, ਸੋਨੂੰ ਪਾਲ, ਧਰਮਿੰਦਰ, ਕੈਲਾਸ਼ ਨਾਥ, ਵਰਿੰਦਰ ਕੁਮਾਰ, ਹਰਪਾਲ ਕੌਰ, ਹਰਜੀਤ ਕੌਰ, ਜੱਗਾ ਸਿੰਘ ਆਦਿ ਸ਼ਾਮਲ ਸਨ।

# ਬ੍ਰਾਹਮਣ ਭਲਾਈ ਬੋਰਡ ਹਰਿਆਣਾ ਬਣਾਉਣ ਬਾਰੇ ਵਿਚਾਰ ਵਟਾਂਦਰਾ

ਬ੍ਰਾਹਮਣ ਵੇਲਫੇਅਰ ਬੋਰਡ ਹਰਿਆਣਾ ਬਣਾਉਣ ਬਾਰੇ ਵਿਚਾਰ ਵਟਾਂਦਰਾ ਕਰਦੇ 

# ਮੈਨੂੰ ਸਲਾਹ ਨਹੀਂ, ਸਹਿਯੋਗ ਚਾਹੀਦਾ

ਦੁਨੀਆ ਦੀ ਸਭ ਤੋਂ ਸਸਤੀ ਚੀਜ਼ ਸਲਾਹ ਹੈ ਜੋ ਇਕ ਤੋਂ ਮੰਗੋ ਹਜ਼ਾਰਾਂ ਤੋਂ ਮਿਲਦੀ ਹੈ ਤੇ ਸਭ ਤੋਂ ਮਹਿੰਗਾ ਹੈ ਚੀਜ਼ ਸਹਿਯੋਗ ਹਜ਼ਾਰਾਂ ਤੋਂ ਮੰਗੋ ਇਕ ਤੋਂ ਮਿਲਦਾ ਹੈ। ਕੁਝ ਅਜਿਹਾ ਹੀ ਹੋਇਆ ਅੰਮ੍ਰਿਤਾ ਦੇ ਨਾਲ ਜਿਸ ਨੇ ਬਚਪਨ ਤੋਂ ਇਕ ਹੀ ਸੁਪਨਾ ਵੇਖਿਆ ਸੀ ਪਾਇਲਟ ਬਣਨ ਦਾ। ਬਚਪਨ ਤੋਂ ਹੀ ਉਸ ਦੇ ਇਰਾਦੇ ਮਜ਼ਬੂਤ ਸਨ। ਆਪਣੇ ਇਸੇ ਜਜ਼ਬੇ ਦੇ ਨਾਲ ਉਸ ਨੇ ਆਪਣੇ ਸੁਪਨੇ ਨੂੰ ਪੂਰਾ ਕਰਨ ਲਈ ਉਡਾਨ ਭਰਨੀ ਸ਼ੁਰੂ ਕਰ ਦਿੱਤੀ ਸੀ ਪਰ ਜਦ ਉਹ ਇਸ ਸੁਪਨੇ ਨੂੰ ਪੂਰਾ ਕਰਨ ਦੇ ਬਿਲਕੁਲ ਨੇੜੇ ਜਾ ਪਹੁੰਚੀ ਤਾਂ ਉਸ ਨੂੰ ਇਸ ਦੁਨੀਆ ਦੀਆਂ ਖੋਖਲੀਆਂ ਗੱਲਾਂ ਨੇ ਰੋਕਣ ਦੀ ਕੋਸ਼ਿਸ਼ ਕੀਤੀ ਕਿ ਕੁੜੀ ਹੋ ਕੇ ਇੰਨੇ ਵੱਡੇ ਸੁਪਨੇ? ਕੁੜੀ ਹੈ ਅੱਜ ਨਹੀਂ ਤਾਂ ਕੱਲ੍ਹ ਸੁਹਰੇ ਘਰ ਜਾਣਾ ਹੈ ਇਸ ਲਈ ਘਰ ਦਾ ਕੰਮ ਸਿੱਖ, ਇਹੋ-ਜਿਹੇ ਸੁਪਨੇ ਨਾ ਪਾਲ! ਦੁਨੀਆ ਦੀਆਂ ਅਜਿਹੀ ਗੱਲਾਂ ਨਾਲ ਉਸ ਦਾ ਹੌਸਲਾ ਟੁਟਿਆ ਨਹੀ ਬਲਕਿ ਹੋਰ ਮਜ਼ਬੂਤ ਹੋ ਗਿਆ। ਇਸ ਵਕਤ ਉਸ ਨੂੰ ਪਰਿਵਾਰ ਦੇ ਸਹਿਯੋਗ ਦੀ ਜ਼ਰੂਰਤ ਸੀ ਪਰ ਉਸ ਦੇ ਘਰਦਿਆਂ ਨੇ ਵੀ ਹੋਰ ਲੋਕਾਂ ਵਾਂਗ ਹੀ ਉਸ ਨੂੰ ਸਲਾਹ ਦੇਣੀ ਸ਼ੁਰੂ ਕਰ ਦਿੱਤੀ। ਸਿਰਫ਼ ਤਾਂ ਸਿਰਫ਼ ਉਸ ਦਾ ਸਾਥ ਦਿੱਤਾ, ਉਸ ਦੀ ਵੱਡੀ ਭੈਣ ਰਾਣੋ ਨੇ। ਆਪਣੇ ਘਰਦਿਆਂ ਦੇ ਖਿਲਾਫ਼ ਜਾ ਕੇ ਰਾਣੋ ਨੇ ਉਸ ਦੇ ਸੁਪਨਿਆਂ ਨੂੰ ਤਰਜੀਹ ਦਿੱਤੀ। ਅੰਮ੍ਰਿਤਾ ਨੇ ਜਦੋਂ ਆਪਣਾ ਸੁਪਨਾ ਨੂੰ ਪੂਰਾ ਕਰਨ ਲਈ ਘਰੋਂ ਪੈਰ ਪੁੱਟਿਆ ਤਾਂ ਆਪਣੇ ਘਰਦਿਆਂ ਨੂੰ ਬਸ ਇਹੀ ਕਿਹਾ, 'ਮੈਨੂੰ ਤੁਹਾਡੀ ਸਲਾਹ ਨਹੀ ਸਹਿਯੋਗ ਚਾਹੀਦਾ ਸੀ ਕਿਉਂਕਿ ਸਲਾਹ ਤਾਂ ਪੂਰੀ ਦੁਨੀਆ ਦੇ ਰਹੀ ਸੀ ਸਹਿਯੋਗ ਸਿਰਫ਼ ਆਪਣੇ ਦੇ ਸਕਦੇ ਸੀ ਪਰ ਸ਼ਾਇਦ ਮੇਰੇ ਆਪਣੇ ਵੀ ਬਾਕੀ ਦੁਨੀਆ ਵਾਂਗ ਸਲਾਹ ਹੀ ਦੇ ਸਕਦੇ, ਸਹਿਯੋਗ ਨਹੀਂ!

• ਸ਼ਿਵਾਨੀ

## ਕਰਮਾਂ ਦਾ ਫਲ

**ਡਾਕਟਰ ਨੇ ਉਨ੍ਹਾਂ ਨੂੰ ਦੱਸਿਆ ਕਿ ਹਿਮਾਨੀ ਦੇ ਅੰਦਰ ਲਗਾਤਾਰ ਸਿਗਰਟ ਦਾ ਧੂੰਆਂ ਜਾਣ ਕਾਰਨ ਉਸ ਨੂੰ ਦਮੇ ਦੀ ਬਿਮਾਰੀ ਹੋ ਗਈ ਹੈ।**

ਹਨਮੀਤ ਰੋਜ਼ ਦੀ ਤਰ੍ਹਾਂ ਬੈਠਕ ਵਿਚ ਆਪਣੀ ਤਿੰਨ ਸਾਲਾਂ ਦੀ ਕੁੜੀ ਹਿਮਾਨੀ ਕੋਲ ਬੈਠਾ ਸਿਗਰਟ ਪੀ ਰਿਹਾ ਸੀ , ਸਿਗਰਟ ਦਾ ਧੂੰਆਂ ਸਿੱਧਾ ਹਿਮਾਨੀ ਦੇ ਮੂੰਹ 'ਤੇ ਪੈ ਰਿਹਾ ਸੀ ਤੇ ਹਿਮਾਨੀ ਉੱਚੀ-ਉੱਚੀ ਖੰਘ ਰਹੀ ਸੀ। ਹਿਮਾਨੀ ਨੂੰ ਖੰਘਦੇ ਦੇਖ ਕੇ ਹਰਜੋਤ ਦੌੜੀ-ਦੌੜੀ ਬੈਠਕ ਵਿਚ ਆਈ ਉਸ ਨੇ ਹਿਮਾਨੀ ਨੂੰ ਆਪਣੀ ਗੋਦ ਵਿਚ ਚੁੱਕ ਕੇ ਮਨਮੀਤ ਨੂੰ ਗੁੱਸੇ ਵਿਚ ਬੋਲ ਦੇ ਹੋਏ ਕਿਹਾ, "ਮੈਂ ਤਹਾਨੂੰ ਕਿੰਨੀ ਵਾਰੀ ਕਿਹਾ ਕਿ ਬੱਚਿਆ ਦੇ ਸਾਹਮਣੇ ਸਿਗਰਟ ਨਾ ਪੀਓ" ਪਰ ਤੁਸੀਂ ਮੇਰੀ ਸੁਣਦੇ ਹੀ ਨਹੀਂ!!! ਪਰ ਮਨਮੀਤ ਨੇ ਹਰਜੋਤ ਦੀ ਗੱਲ ਨਾ ਮੰਨੀ ਤੇ ਹਰਜੋਤ ਨੂੰ ਹੀ ਬੁਰਾ-ਭਲਾ ਬੋਲ ਕੇ ਓਥੋਂ ਭੇਜ ਦਿੰਦਾ ਹੈ। ਮਨਮੀਤ ਰੋਜ਼ ਹੀ ਕੰਮ ਤੋਂ ਵਾਪਸ ਆ ਕੇ ਬੱਚਿਆਂ ਕੋਲ ਸਿਗਰਟ ਪੀਂਦਾ।

ਇਸ ਤਰ੍ਹਾਂ ਇਕ ਦਿਨ ਜਦ ਮਨਮੀਤ ਕੰਮ ਤੋਂ ਵਾਪਸ ਆਇਆ ਤਾਂ ਉਸ ਨੇ ਦੇਖਿਆ ਕਿ ਹਿਮਾਨੀ ਬੜੀ ਜ਼ੋਰ-ਜ਼ੋਰ ਨਾਲ ਖੰਘ ਰਹੀ ਹੈ ਤੇ ਹਰਜੋਤ ਉਸ ਕੋਲ ਬੈਠੀ ਰੋ ਰਹੀ ਹੈ। ਹਰਜੋਤ ਨੇ ਮਨਮੀਤ ਨੂੰ ਦੱਸਿਆ ਕਿ ਹਿਮਾਨੀ ਪਿਛਲੇ ਦੋ ਘੰਟਿਆਂ ਤੋਂ ਲਗਾਤਾਰ ਖੰਘ ਕਰ ਰਹੀ ਹੈ ਤੇ ਉਸ ਨੂੰ ਸਾਹ ਲੈਣ 'ਚ ਵੀ ਤਕਲੀਫ਼ ਹੋ ਰਹੀ ਹੈ। ਮਨਮੀਤ ਇਕਦਮ ਘਬਰਾ ਗਿਆ ਤੇ ਉਹ ਦੋਵੇਂ ਹਿਮਾਨੀ ਨੂੰ ਡਾਕਟਰ ਕੋਲ ਲੈ ਗਏ। ਡਾਕਟਰ ਨੇ ਉਨ੍ਹਾਂ ਨੂੰ ਦੱਸਿਆ ਕਿ ਹਿਮਾਨੀ ਦੇ ਅੰਦਰ ਲਗਾਤਾਰ ਸਿਗਰਟ ਦਾ ਧੂੰਆਂ ਜਾਣ ਕਾਰਨ ਉਸ ਨੂੰ ਦਮੇ ਦੀ ਬਿਮਾਰੀ ਹੋ ਗਈ ਹੈ। ਇਹ ਸੁਣ ਕੇ ਮਨਮੀਤ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਹ ਸੋਚ ਰਿਹਾ ਸੀ ਕਿ ਉਸ ਦੇ ਬੁਰੇ ਕਰਮਾਂ ਦਾ ਫਲ ਉਸ ਦੀ ਬੱਚੀ ਨੂੰ ਭੁਗਤਣਾ ਪੈ ਰਿਹਾ ਹੈ।

• ਸਿਮਰਨ

# ਬੋਝ ਨਹੀਂ, ਜਗ ਜਨਣੀ ਹਾਂ

**ਔਰਤ ਹਰ ਖੇਤਰ ਵਿਚ ਮਰਦ ਦੇ ਬਰਾਬਰ ਚੱਲ ਰਹੀ ਹੈ। ਜ਼ਿੰਮੇਵਾਰੀ ਚਾਹੇ ਘਰੇਲੂ ਹੋਵੇ ਜਾਂ ਨੌਕਰੀ ਦੀ, ਔਰਤ ਪੂਰੀ ਤਨਦੇਹੀ ਨਾਲ ਨਿਭਾ ਰਹੀ ਹੈ। ਫਿਰ ਵੀ ਸਾਡੇ ਸਮਾਜ ਨੂੰ ਔਰਤ ਬੋਝ ਲੱਗਦੀ ਹੈ। ਜਦ ਕਿ ਔਰਤ ਤੋਂ ਬਿਨਾਂ ਸਮਾਜ ਦੀ ਹੋਂਦ ਸੰਭਵ ਨਹੀਂ।**

ਜਸਪ੍ਰੀਤ ਕੌਰ ਸੰਘਾ

ਬੇਸ਼ੱਕ ਅਸੀਂ ਆਧੁਨਿਕ ਯੁੱਗ ਦੀ ਤਕਨਾਲੋਜੀ ਭਰਪੂਰ 21ਵੀਂ ਸਦੀ ਵਿਚ ਵਿਚਰ ਰਹੇ ਹਾਂ ਪਰ ਔਰਤ ਪ੍ਰਤੀ ਸਾਡਾ ਨਜ਼ਰੀਆ ਓਹੀ ਰੂੜ੍ਹੀਵਾਦੀ ਹੈ। ਔਰਤ ਅੱਜ ਵੀ ਸਾਡੇ ਸਮਾਜ ਲਈ ਇਕ ਭੋਗਣ ਵਾਲੀ ਵਸਤੂ ਤੋਂ ਵੱਧ ਕੁਝ ਨਹੀ। ਇਸ ਕਰਕੇ ਧੀਆਂ ਨੂੰ ਸਮਾਜ ਵਿਚ ਅੱਜ ਵੀ ਬੋਝ ਸਮਝਿਆ ਜਾਂਦਾ ਹੈ, ਧੀਆਂ ਦਾ ਕੁੱਖਾਂ ਵਿਚ ਕਤਲ ਕਰਾਇਆ ਜਾ ਰਿਹਾ ਹੈ। ਜੇ ਕੁੱਖ ਵਿੱਚੋਂ ਬਚ ਜਾਣ ਤਾਂ ਕੂੜੇ ਦੇ ਢੇਰਾਂ 'ਤੇ ਸੁੱਟ ਦਿੱਤੀਆਂ ਜਾਂਦੀਆਂ ਹਨ ਤੇ ਜੇ ਉੱਥੋਂ ਵੀ ਬਚ ਜਾਣ ਤਾਂ ਮਰਦ ਪ੍ਰਧਾਨ ਸਮਾਜ ਦੀ ਹਵਸ ਦਾ ਸ਼ਿਕਾਰ ਹੋ ਜਾਂਦੀਆਂ ਹਨ। ਜੇ ਚੰਗੀ ਕਿਸਮਤ ਨਾਲ ਉੱਥੋਂ ਵੀ ਬਚ ਜਾਣ ਤਾਂ ਦਾਜ ਦੀ ਅੱਗ ਵਿਚ ਸਾੜ ਦਿੱਤੀਆਂ ਜਾਂਦੀਆਂ ਹਨ।

ਔਰਤ ਪ੍ਰਤੀ ਸਾਡੀ ਸੋਚ ਦੋਗਲੀ ਹੈ। ਸਾਨੂੰ ਘਰ ਵਿਚ ਸੁੰਦਰ ਨੂੰਹ ਤਾਂ ਚਾਹੀਦੀ ਪਰ ਧੀ ਨਹੀਂ। ਇਕ ਪਾਸੇ ਅਸੀਂ ਮੰਦਰਾਂ ਵਿਚ ਕੰਜਕਾਂ ਪੂਜੀ ਜਾ ਰਹੇ ਹਾਂ ਤੇ ਦੂਜੇ ਪਾਸੇ ਉਨ੍ਹਾਂ ਹੀ ਮੰਦਰਾਂ ਵਿਚ ਧੀਆਂ ਨਾਲ ਜਬਰ-ਜਿਨਾਹ ਦੀਆਂ ਘਟਨਾਵਾਂ ਹੋ ਰਹੀਆਂ ਹਨ। ਔਰਤ ਪ੍ਰਤੀ ਇਹ ਦੋਹਰਾ ਮਾਪਦੰਡ ਕਿਉਂ? ਸਮਾਜ ਦੇ ਦੋਹਰੇ ਨਜ਼ਰੀਏ ਕਰਕੇ ਹੀ ਔਰਤ ਅੱਜ ਆਪਣੇ ਵਜੂਦ ਲਈ ਤਰਸ ਰਹੀ ਹੈ।

ਅੱਜ ਔਰਤ ਹਰ ਖੇਤਰ ਵਿਚ ਮਰਦ ਦੇ ਬਰਾਬਰ ਮੋਢੇ ਨਾਲ ਮੋਢਾ ਲਾ ਕੇ ਚੱਲ ਰਹੀ ਹੈ। ਚਾਹੇ ਘਰੇਲੂ ਜ਼ਿੰਮੇਵਾਰੀ ਹੋਵੇ ਜਾਂ ਨੌਕਰੀ ਦੀ। ਔਰਤ ਦੋਨੋਂ ਜ਼ਿੰਮੇਵਾਰੀਆਂ ਪੂਰੀ ਤਨਦੇਹੀ ਨਾਲ ਨਿਭਾਉਂਦੀ ਹੈ ਪਰ ਫਿਰ ਵੀ ਸਾਡੇ ਸਮਾਜ ਨੂੰ ਔਰਤ ਬੋਝ ਲੱਗਦੀ ਹੈ। ਔਰਤ ਬੋਝ ਨਹੀ, ਔਰਤ ਤਾਂ ਜਗ ਜਨਣੀ ਹੈ। ਔਰਤ ਹੈ ਤਾਂ ਹੀ ਧਰਤੀ 'ਤੇ ਜੀਵਨ ਹੈ। ਗੁਰੂ ਗੋਬਿੰਦ ਸਿੰਘ, ਸ਼ਿਵਾ ਜੀ, ਮਹਾਰਾਣਾ ਪ੍ਰਤਾਪ , ਮਹਾਰਾਜਾ ਰਣਜੀਤ ਸਿੰਘ ਜਿਹੇ ਸੂਰਬੀਰਾਂ ਨੂੰ ਜਨਮ ਦੇਣ ਵਾਲੀ ਵੀ ਔਰਤ ਹੀ ਹੈ। ਧੀਆਂ ਨੂੰ ਕੁੱਖੀਂ ਕਤਲ ਕਰਨ ਤੋਂ ਪਹਿਲਾਂ ਇਕ ਵਾਰ ਝਾਂਸੀ ਦੀ ਰਾਣੀ ਲਕਸ਼ਮੀ ਬਾਈ, ਮਾਤਾ ਭਾਗ ਕੌਰ, ਮਾਤਾ ਗੁਜਰੀ, ਸਦਾ ਕੌਰ, ਕਲਪਨਾ ਚਾਵਲਾ, ਮਦਰ ਟਰੇਸਾ ਜਿਹੀਆਂ ਮਹਾਨ ਔਰਤਾਂ ਦੇ ਜੀਵਨ 'ਤੇ ਝਾਤ ਮਾਰੋ, ਜਿਨ੍ਹਾਂ ਨੂੰ ਅੱਜ ਵੀ ਉਨ੍ਹਾਂ ਦੇ ਗੁਣਾਂ ਕਰਕੇ ਯਾਦ ਕੀਤਾ ਜਾਂਦਾ ਹੈ। ਅੱਜ ਦੀ ਔਰਤ ਤਾਂ ਚੰਦ ਤਕ ਪਹੁੰਚ ਗਈ ਹੈ। ਆਪਣੇ ਹੀ ਦੇਸ਼ ਅੰਦਰ ਦੇਖ ਲਓ, ਦੇਸ਼ ਦੀ ਰੱਖਿਆ ਮੰਤਰੀ ਔਰਤ, ਵਿਦੇਸ਼ ਮੰਤਰੀ ਔਰਤ, ਲੋਕ ਸਭਾ ਦੀ ਸਪੀਕਰ ਔਰਤ, ਫਿਰ ਔਰਤ ਮਰਦ ਨਾਲੋਂ ਪਿੱਛੇ ਕਿੰਦਾ ਹੈ?

ਔਰਤ ਪਿਆਰ, ਮੋਹ, ਮਮਤਾ, ਤਿਆਗ ਅਤੇ ਸਬਰ-ਸੰਤੋਖ ਦੀ ਮੂਰਤ ਹੈ। ਤੁਸੀ ਉਸ ਨੂੰ ਜਿੰਨਾ ਜ਼ਿਆਦਾ ਪਿਆਰ-ਸਤਿਕਾਰ ਦਿਉਗੇ, ਓਹ ਉਸ ਤੋਂ ਦੂੱਗਣਾ ਤਹਾਨੂੰ ਵਾਪਸ ਦੇਵੇਗੀ। ਬਹੁਤ ਭਾਗਾਂ ਵਾਲੇ ਨੇ ਉਹ ਘਰ ਜਿੱਥੇ ਧੀ ਦਾ ਜਨਮ ਹੁੰਦਾ ਹੈ ਕਿਉਂਕਿ ਧੀ ਨਾਲ ਹੀ ਪਰਿਵਾਰ ਹੈ। ਧੀ ਨਾਲ ਹੀ ਸਮਾਜ ਹੈ ਤੇ ਧੀ ਨਾਲ ਹੀ ਸੰਸਾਰ ਹੈ। ਧੀ ਦਾ ਤ੍ਰਿਸਕਾਰ ਕਰਨ ਦੀ ਬਜਾਇ ਉਸ ਨੂੰ ਪਿਆਰ ਸਤਿਕਾਰ ਦਿਉ, ਉਡਣ ਲਈ ਖੁੱਲ੍ਹਾ ਅਸਮਾਨ ਦਿਉ। ਦੋ-ਦੋ ਘਰਾਂ ਦੀ ਮਾਣ ਮਰਿਆਦਾ ਦਾ ਪਾਲਣ ਧੀਆਂ ਕਰਦੀਆਂ ਹਨ, ਫਿਰ ਵੀ ਉਨ੍ਹਾਂ ਨੂੰ ਬੇਗਾਨੀਆਂ ਸਮਝਣਾ ਸਾਡੇ ਸਮਾਜ ਦੀ ਛੋਟੀ ਸੋਚ ਹੈ।

ਔਰਤ ਜਨਮ ਤੋਂ ਮਰਨ ਤਕ ਸਿਰਫ਼ ਪਿਆਰ ਹੀ ਵੰਡਦੀ ਹੈ। ਚਾਹੇ ਉਹ ਧੀ ਦੇ ਰੂਪ ਵਿਚ ਹੋਵੇ, ਚਾਹੇ ਭੈਣ ਦੇ ਰੂਪ ਵਿਚ, ਚਾਹੇ ਪਤਨੀ ਦੇ ਰੂਪ ਵਿਚ ਜਾਂ ਫਿਰ ਮਾਂ ਦੇ ਰੂਪ ਵਿਚ ਹੋਵੇ। ਹਰ ਰੂਪ ਵਿਚ ਔਰਤ ਪਿਆਰ ਤੇ ਬਲੀਦਾਨ ਦੀ ਮੂਰਤ ਹੈ।

ਪਰ ਅਫ਼ਸੋਸ ਸਾਡੇ ਸਮਾਜ ਵਿਚ ਔਰਤ ਦਾ ਅੱਜ ਵੀ ਆਪਣਾ ਕੋਈ ਵਜੂਦ ਨਹੀਂ ਹੈ। ਕੁਝ ਗਿਣਤੀ ਦੀਆਂ ਔਰਤਾਂ ਹਨ, ਜਿਨ੍ਹਾਂ ਨੇ ਸਮਾਜ ਵਿਚ ਆਪਣੀ ਵੱਖਰੀ ਪਛਾਣ ਬਣਾਈ ਹੈ, ਪਰ ਇਹ ਗਿਣਤੀ ਵੀ ਆਟੇ ਵਿਚ ਲੂਣ ਬਰਾਬਰ ਹੈ।

ਭਰੂਣ-ਹੱਤਿਆ, ਦਹੇਜ ਪ੍ਰਥਾ, ਜਿਸਮਾਨੀ ਤੇ ਮਾਨਸਿਕ ਸ਼ੋਸ਼ਣ, ਘਰੇਲੂ ਹਿੰਸਾ ਆਦਿ ਸਮੱਸਿਆਵਾਂ ਨਾਲ ਅੱਜ ਵੀ ਔਰਤ ਜੂਝ ਰਹੀ ਹੈ। ਜਿਸ ਸਮਾਜ ਵਿਚ ਔਰਤ 'ਤੇ ਇੰਨੇ ਅੱਤਿਆਚਾਰ ਹੋ ਰਹੇ ਹੋਣ, ਉਸ ਨੂੰ ਸੱਭਿਆ ਸਮਾਜ ਨਹੀ ਕਿਹਾ ਜਾ ਸਕਦਾ। ਜਿਸ ਸਮਾਜ ਵਿਚ ਔਰਤ ਆਪਣੇ ਘਰ ਵਿਚ ਵੀ ਸੁਰੱਖਿਅਤ ਨਹੀ ਅਜਿਹਾ ਸਮਾਜ ਵਿਕਾਸ ਕਿਵੇਂ ਕਰ ਸਕਦਾ ਹੈ। ਲੋੜ ਹੈ ਔਰਤ ਪ੍ਰਤੀ ਨਜ਼ਰੀਏ ਨੂੰ ਬਦਲਣ ਦੀ। ਔਰਤ ਨੂੰ ਉਸ ਦਾ ਬਣਦਾ ਮਾਣ-ਸਤਿਕਾਰ ਦੇਣ ਦੀ। ਔਰਤ ਜੀਵਨਦਾਤੀ ਹੈ। ਜੇਕਰ ਸਮਾਂ ਰਹਿੰਦੇ ਇਸ ਗੱਲ ਨੂੰ ਅਸੀਂ ਨਾ ਸਮਝੇ ਤਾਂ ਆਪਣੇ ਵਿਨਾਸ਼ ਦੇ ਜ਼ਿੰਮੇਵਾਰ ਅਸੀਂ ਖੁਦ ਹੋਵਾਂਗੇ ਤੇ ਫਿਰ ਆਦਮ ਜਾਤ ਨੂੰ ਕਿਸੇ ਵੀ ਦੈਵੀ ਸ਼ਕਤੀ ਨੇ ਆ ਕੇ ਨਹੀ ਬਚਾਉਣਾ।

**ਔਰਤ ਨੂੰ ਵਸਤੂ ਸਮਝਣ ਵਾਲਿਆ ਤੂੰ ਵੀ ਤਾਂ ਕਿਸੇ ਔਰਤ ਦਾ ਜਾਇਆ ਹੈ ਕਿਤੇ ਔਰਤ ਬਣ ਕੇ ਤਾਂ ਦੇਖ ਅਸੀਂ ਕਿੰਨਾ ਦਰਦ ਹੰਢਾਇਆ ਹੈ।**

## ਬੁੱਧੀਜੀਵੀ

*ਬੁੱਧੀਜੀਵੀ ਸਮਾਜ ਵਿਚ ਲੇਖਕ ਵਰਗ ਵੀ ਆਉਂਦਾ ਹੈ। ਇਨ੍ਹਾਂ ਦੀ ਕਲਮ ਸੱਚ ਤੇ ਝੂਠ ਦਾ ਨਿਤਾਰਾ ਕਰਦੀ ਹੋਈ ਸਮੇਂ-ਸਮੇਂ ਸਮਾਜ ਦੀਆਂ ਕੁਰੀਤੀਆਂ ਨੂੰ ਉਜਾਗਰ ਕਰਦੀ ਹੈ।*

ਸਤਨਾਮ ਚੌਹਾਨ

ਲੇਖਕ ਸਮਾਜ ਦਾ ਉਹ ਵਰਗ ਹੈ ਜੋ ਬੁੱਧੀਜੀਵੀ ਜਮਾਤ ਵਿਚ ਆਉਂਦਾ ਹੈ। ਲੇਖਕ ਦੀ ਕਲਮ ਹਰ, ਨਿਆਂ, ਅਨਿਆਂ ਵਿਰੁੱਧ ਖੜ੍ਹਦੀ ਹੈ। ਸੱਚ ਤੇ ਝੂਠ ਦਾ ਨਿਤਾਰਾ ਕਰਦੀ ਹੈ। ਸਮੇਂ-ਸਮੇਂ ਸਮਾਜ ਦੀਆਂ ਕੁਰੀਤੀਆਂ ਨੂੰ ਉਜਾਗਰ ਕਰਦੀ ਹੈ। ਸਾਡੇ ਗੁਰੂ ਸਾਹਿਬਾਨ ਮਹਾਨ ਲੇਖਕ ਸਨ ਜਿਨ੍ਹਾਂ ਨੇ ਗੁਰਬਾਣੀ ਰਚ ਕੇ ਸਮਾਜਿਕ ਬੁਰਾਈਆਂ ਦਾ ਵਿਰੋਧ ਅੱਜ ਤੋਂ ਕਈ ਸਾਲ ਪਹਿਲਾਂ ਕੀਤਾ। ਗੁਰੂ ਨਾਨਕ ਦੇਵ ਜੀ ਨੇ ਇਸਤਰੀਆਂ ਦੇ ਹੁੰਦੇ।

ਬੰਗਾਲ ਦੀਆਂ ਇਸਤਰੀਆਂ ਜੋ ਜਾਦੂ-ਟੂਣਿਆਂ ਵਿਚ ਫਸੀਆਂ ਹੋਈਆਂ ਸਨ, ਉਨਾਂ ਨੂੰ ਵੀ ਗੁਰੂ ਨਾਨਕ ਸਾਹਿਬ ਨੇ ਉਪਦੇਸ਼ ਕੀਤਾ ਤੇ ਚੰਗਾ ਜੀਵਨ ਜਿਊਣ ਵੱਲ ਪ੍ਰੇਰਿਆ। ਅੰਮ੍ਰਿਤਾ ਦੀ ਕਲਮ ਨੇ ਸਮੇਂ ਦੇ ਹਾਕਮ ਵੱਲੋਂ ਕੀਤੀ ਗਈ ਵੰਡ ਤੇ ਰੁਲੀਆਂ ਅਸਮਤਾਂ ਦੇ ਵਿਰੁੱਧ ਵੈਣ ਵਰਗੇ ਬੋਲ ਲਿਖੇ :

ਅੱਜ ਆਖਾਂ ਵਾਰਿਸ ਸਾਹ ਨੂੰ
ਕਿਤੋਂ ਕਬਰਾਂ ਵਿੱਚੋਂ ਬੋਲ...

ਇਸੇ ਤਰ੍ਹਾਂ ਮੈਡਮ ਦਲੀਪ ਕੌਰ ਟਿਵਾਣਾ, ਜੋ ਮੇਰੀ ਪਸੰਦੀਦਾ ਕਹਾਣੀਕਾਰਾ ਹੈ, ਬਚਿੰਤ ਕੌਰ ਅਤੇ ਹੋਰ ਬਹੁਤ ਸਾਰੀਆਂ ਲੇਖਕਾਵਾਂ ਤੇ ਲੇਖਕ। ਹੁਣੇ ਜਿਹੇ ਜਸਵੀਰ ਮੰਡ ਦਾ ਨਾਵਲ 'ਬੇਲ ਮਰਦਾਨਿਆਂ' ਆਇਆ ਜੋ ਕਿ ਮਹਾਨ ਰਚਨਾ ਹੈ ਉਸ ਲੇਖਕ ਦੀ । ਵਰ੍ਹਿਆਂ ਦੀ ਮਿਹਨਤ। ਸਮੇਂ-ਸਮੇਂ ਸਰਕਾਰ ਇਨ੍ਹਾਂ ਮਹਾਨ ਕਲਮਾਂ ਨੂੰ ਨਿਵਾਜ਼ਦੀ ਹੈ। ਇਨ੍ਹਾਂ ਦਾ ਮਾਣ-ਸਨਮਾਨ ਕੀਤਾ ਜਾਂਦਾ ਹੈ। ਜੋ ਕਿ ਕਰਨਾ ਵੀ ਬਣਦਾ ਹੈ। ਬਹੁਤ ਸਾਰੀਆਂ ਕਲਮਾਂ ਤਾਂ ਅਣਗੌਲੀਆਂ ਹੀ ਰਹਿ ਜਾਂਦੀਆਂ ਹਨ। ਜਦੋਂ ਉਹ ਲੇਖਕ ਵਿਲੱਖਣ ਅਵਸਥਾ ਵਿਚ ਹੁੰਦੇ ਹਨ। ਉਨ੍ਹਾਂ ਦੀ ਕਲਮ ਬਹੁਤ ਕੁਝ ਲਿਖਦੀ ਹੈ ਪਰ ਆਰਥਿਕ ਮਜਬੂਰੀਆਂ ਕਰਕੇ ਉਹ ਕਦੇ ਕਿਤਾਬ ਨਹੀਂ ਛਪਵਾ ਸਕਦੇ। ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਤਕ ਪਹੁੰਚਦੀਆਂ ਹੀ ਨਹੀਂ। ਜੋ ਲੇਖਕ ਸਾਹਮਣੇ ਆ ਜਾਂਦੇ ਹਨ। ਵਧੀਆ ਲਿਖਦੇ ਹਨ, ਉਨਾਂ ਦੁਆਰਾ ਰਚਿਆ ਸਾਹਿਤ ਪੜ੍ਹਿਆ ਤੇ ਵਿਚਾਰਿਆ ਜਾਂਦਾ ਹੈ। ਉਹ ਸਮਾਜਿਕ ਕੁਰੀਤੀਆਂ ਵਿਰੁੱਧ ਲਿਖਦੇ ਹਨ। ਸਮੇਂ ਦੇ ਹਾਕਮਾਂ ਦਾ ਵਿਰੋਧ ਕਰਦੇ ਹਨ ਜੇ ਉਹ ਗ਼ਲਤ ਹੁੰਦੇ ਹਨ। ਇਨ੍ਹਾਂ ਦੁਆਰਾ ਹੀ ਲਿਖਿਆ ਸਾਹਿਤ ਸਮੇਂ ਦੀ ਗੱਲ ਕਰਦਾ ਹੈ। ਫੇਰ ਸਰਕਾਰਾਂ ਇਨ੍ਹਾਂ ਮਹਾਨ ਕਲਮਾਂ ਨੂੰ ਸਨਮਾਨਿਤ ਕਰਦੀਆਂ ਹਨ ਪਰ ਕਦੋਂ? ਜਦੋਂ ਉਹ ਬਿਮਾਰ ਹੁੰਦੇ ਹਨ ਜਾਂ ਤੁਰਨ ਫਿਰਨ ਤੋਂ ਅਸਮਰੱਥ ਹੋ ਜਾਂਦੇ ਹਨ। ਪਿੱਛੋਂ ਜਿਹੇ ਭਾਸ਼ਾ ਵਿਭਾਗ ਵੱਲੋਂ ਲੇਖਕਾਂ ਨੂੰ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ।

ਬਹੁਤ ਚੰਗੀ ਤੇ ਖ਼ੁਸ਼ੀ ਵਾਲੀ ਗੱਲ ਹੈ। ਕਲਮਾਂ ਦਾ ਮਾਣ-ਸਨਮਾਨ ਬਣਦਾ ਹੈ ਤੇ ਕਰਨਾ ਵੀ ਚਾਹੀਦਾ ਪਰ ਕਈ ਲੇਖਕ ਬਜ਼ੁਰਗ ਹੋ ਚੁੱਕੇ ਸਨ। ਸਨਮਾਨ ਮਿਲਣ 'ਤੇ ਕੋਈ ਵੀ ਕਲਾ ਹੋਵੇ ਹੋਰ ਉਭਰਦੀ ਹੈ ਤੇ ਕਲਾਕਾਰ, ਲੇਖਕ ਉਤਸ਼ਾਹਿਤ ਹੁੰਦੇ। ਉਹ ਚੰਗਾ ਕੁਝ ਹੋਰ ਸਿਰਜਦੇ, ਜੇ ਇਹੋ ਰਾਸ਼ੀ ਉਨ੍ਹਾਂ ਨੂੰ ਠੀਕ ਸਮੇਂ ਦਿੱਤੀ ਜਾਵੇ ਜਦੋਂ ਉਹ ਪੜ੍ਹ-ਲਿਖ ਸਕਦੇ ਤੇ ਹੋਰ ਸਾਹਿਤ ਦੀ ਰਚਨਾ ਕਰ ਸਕਦੇ ਸੀ, ਨਹੀਂ ਤਾਂ ਇਹ ਪੈਸਾ ਉਨ੍ਹਾਂ ਲਈ ਕਿਸ ਕੰਮ ਦਾ ਜਦੋਂ ਉਹ ਆਪ ਤੁਰ ਫਿਰ ਨਹੀਂ ਸਕਦੇ, ਖਾ ਨਹੀਂ ਸਕਦੇ।

ਸੋ ਮੇਰੀ ਸਰਕਾਰਾਂ ਨੂੰ ਬੇਨਤੀ ਹੈ ਕਿ ਜੇਕਰ ਕੋਈ ਚੰਗਾ ਲਿਖ ਰਿਹਾ ਹੈ, ਬਿਨਾਂ ਪੱਖ-ਪਾਤ ਤੋਂ ਉਸ ਨੂੰ ਨਿਵਾਜ਼ਿਆ ਜਾਵੇ ਤਾਂ ਜੋ ਉਹ ਹੋਰ ਵ

## ਗਰਮੀਆਂ ਦੀਆਂ ਛੁੱਟੀਆਂ ਮੌਕੇ ਸ੍ਰੀ ਅਨੰਦਪੁਰ ਸਾਹਿਬ ਦੇ ਬਾਜ਼ਾਰ ਰਹੇ ਮੁਕੰਮਲ ਬੰਦ

**ਸ੍ਰੀ ਅਨੰਦਪੁਰ ਸਾਹਿਬ, 28 ਜੂਨ**
**-ਸਚਿਨ ਸੋਨੀ/ਰਾਜੂ ਧੀਮਾਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਵਪਾਰ ਮੰਡਲ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਗਰਮੀਆਂ ਦੀਆਂ ਛੁੱਟੀਆਂ ਨੂੰ ਲੈ ਕੇ 27 ਤੋਂ 30 ਜੂਨ ਤੱਕ ਬਾਜ਼ਾਰ ਬੰਦ ਰੱਖਣ ਦੇ ਦਿੱਤੇ ਸੱਦੇ ਨੂੰ ਅੱਜ ਉਸ ਵੇਲੇ ਭਰਪੂਰ ਹੁੰਗਾਰਾ ਮਿਲਿਆ ਜਦੋਂ ਸ੍ਰੀ ਅਨੰਦਪੁਰ ਸਾਹਿਬ ਦੇ ਸਾਰੇ ਚੋਈ ਬਜਾਰ, ਅਟਾਰੀ ਬਜਾਰ, ਮੇਨ ਬਜਾਰ, ਗੁਰੂ ਬਜਾਰ, ਕਲਗੀਧਰ ਮਾਰਕੀਟ, ਪੁੱਡਾ ਮਾਰਕੀਟ ਅਤੇ ਨਵੀ ਆਬਾਦੀ ਦੇ ਬਜਾਰ ਮੁਕੰਮਲ ਬੰਦ ਰਹੇ ਉੱਥੇ ਹੀ ਰੇੜੀਆਂ ਫੜੀਆਂ ਆਦਿਕ ਵੀ ਮੁਕੰਮਲ ਬੰਦ ਰਹੀਆਂ। ਜਿਸ ਕਾਰਨ ਸਾਰੀ ਨਗਰੀ ਵਿੱਚ ਸਨਾਟਾ ਪਸਰਿਆ ਹੋਇਆ ਸੀ। ਕੋਈ ਟਾਵਾਂ ਵਿਰਲਾ ਬੰਦਾ ਹੀ ਬਜਾਰ ਵਿੱਚ ਦੇਖਣ ਨੂੰ ਮਿਲਿਆ। ਦੱਸਣ ਯੋਗ ਹੈ ਕਿ ਵਪਾਰ ਮੰਡਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ,ਪ੍ਰਿਤਪਾਲ ਸਿੰਘ ਗੰਡਾ ਅਤੇ ਦੀਪਕ ਆਂਗਰਾ (ਆਪ) ਵੱਲੋਂ ਗੁਰੂ ਨਗਰੀ ਦੇ ਸਾਰੇ ਵਪਾਰੀਆਂ, ਦੁਕਾਨਦਾਰਾਂ ਆਦਿਕ ਨਾਲ ਮੀਟਿੰਗਾਂ ਕੀਤੀਆਂ ਗਈਆਂ ਸਨ ਅਤੇ ਉਨਾਂ ਦੀ ਸਹਿਮਤੀ 'ਤੇ 27 ਜੂਨ ਤੋਂ 30 ਜੂਨ ਤੱਕ ਸਾਰੇ ਬਜਾਰ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਸੀ। ਜਿਸ ਦੇ ਚਲਦਿਆਂ ਅੱਜ ਸਾਰੇ ਬਜਾਰ ਬੰਦ ਦੇਖਣ ਨੂੰ ਮਿਲੇ।

## ਜਸਪੂਰਨ ਪਹਿਲਵਾਨ ਦਾ ਮੋਹਾਲੀ ਏਅਰਪੋਰਟ ਤੇ ਕੀਤਾ ਗਿਆ ਭਰਵਾਂ ਸਵਾਗਤ - ਤਿੰਨ ਮੈਡਲ ਜਿੱਤ ਚੁੱਕੇ ਇਸ ਅਖਾੜੇ ਨੂੰ ਸਰਕਾਰ ਅਣਗੌਲਿਆ ਕਰ ਰਹੀ ਹੈ : ਸੰਚਾਲਕ

**ਨਿਊ ਚੰਡੀਗੜ੍ਹ, 28 ਜੂਨ**
**-ਜੇ. ਕੇ. ਬੱਤਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਹਾਲੀ ਜਿਲਾ ਦੇ ਕਸਬਾ ਮੁੱਲਾਂਪੁਰ ਗਰੀਬਦਾਸ ਨਿਊ ਚੰਡੀਗੜ੍ਹ ਵਿਖੇ ਸਥਿਤ ਅਖਾੜਾ ਮੁੱਲਾਂਪੁਰ ਗਰੀਬਦਾਸ ਦੇ ਪਹਿਲਵਾਨ ਜਸਪੂਰਨ ਸਿੰਘ ਨੇ ਦੇਸ਼ ਲਈ ਤਿੰਨ ਮੈਡਲ ਜਿੱਤ ਕੇ ਦੇਸ ਦੀ ਝੋਲੀ ਪਾਏ ਹਨ ਪਰ ਸਰਕਾਰ ਵੱਲੋਂ ਇਸ ਅਖਾੜੇ ਨੂੰ ਅਣਗੌਲਿਆਂ ਕੀਤਾ ਗਿਆ ਹੈ।ਇਸ ਗੱਲ ਦਾ ਪ੍ਰਗਟਾਵਾ ਅਖਾੜਾ ਮੁੱਲਾਂਪੁਰ ਗਰੀਬਦਾਸ ਦੇ ਸੰਚਾਲਕਾਂ ਵੱਲੋਂ ਅੱਜ ਉਸ ਵੇਲੇ ਕੀਤਾ ਗਿਆ ਜਦੋਂ ਜੋਰਡਨ ਏਸੀਅਨ ਰੈਸਲਿੰਗ ਚੈਂਪੀਅਨਸ਼ਿਪ 2024 ਵਿੱਚ ਕਾਂਸੀ ਦਾ ਤਗਮਾ ਜਿੱਤਣ ਵਾਲੇ ਪਹਿਲਵਾਨ ਜਸਪੂਰਨ ਸਿੰਘ ਦਾ ਮੋਹਾਲੀ ਏਅਰਪੋਰਟ ਤੇ ਭਰਵਾਂ ਸਵਾਗਤ ਕੀਤਾ ਗਿਆ। ਅੱਜ ਜਸਪੂਰਨ ਪਹਿਲਵਾਨ ਦੇ ਪੰਜਾਬ ਪੁੱਜਣ ਤੇ ਉਸ ਦੇ ਮਾਤਾ ਪਿਤਾ ਅਤੇ ਅਖਾੜੇ ਦੇ ਸੰਚਾਲਕ ਗੋਲੂ ਪਹਿਲਵਾਨ ਅਤੇ ਦਾਸ ਐਸੋਸੀਏਟ ਦੇ ਸੰਚਾਲਕ ਰਵੀ ਸ਼ਰਮਾ ਵੱਲੋਂ ਮੋਹਾਲੀ ਵਿਖੇ ਢੋਲ ਢਮੱਕਿਆਂ ਨਾਲ ਜਸਪੂਰਨ ਦਾ ਸਵਾਗਤ ਕੀਤਾ ਗਿਆ। ਜਾਣਕਾਰੀ ਸਾਂਝੀ ਕਰਦਿਆਂ ਅਖਾੜਾ ਮੁੱਲਾਪੁਰ ਗਰੀਬਦਾਸ ਸੰਚਾਲਕ ਗੋਲੂ ਪਹਿਲਵਾਨ ਨੇ ਦੱਸਿਆ ਕਿ ਬੀਤੇ ਦਿਨੀਂ ਜੋਰਡਨ ਏਸ਼ੀਆ ਰੈਸਲਿੰਗ ਚੈਂਪੀਅਨਸ਼ਿਪ ਵਿੱਚ ਜਸਪੂਰਨ ਪਹਿਲਵਾਨ ਨੇ 110 ਕਿਲੋਗ੍ਰਾਮ ਫ੍ਰੀ ਸਟਾਇਲ ਅੰਡਰ 17 ਵਿੱਚ ਪਹਿਲਾਂ ਜਪਾਨ ਦੇ ਪਹਿਲਵਾਨ ਨੂੰ ਹਰਾ ਕੇ ਫਾਈਨਲ ਵਿੱਚ ਪੁੱਜ ਕੇ ਇਰਾਨ ਦੇ ਪਹਿਲਵਾਨ ਮੁਹੰਮਦ ਅਬੂਲਫਜਲ ਨੂੰ 0-4 ਦੇ ਵੱਡੇ ਫਰਕ ਨਾਲ ਹਰਾ ਕੇ ਇਹ ਮੈਡਮ ਜਿਤਿਆ ਹੈ। ਪਹਿਲਾਂ ਏਅਰਪੋਰਟ ਉੱਤੇ ਅਤੇ ਫਿਰ ਅਖਾੜਾ ਮੁੱਲਾਂਪੁਰ ਪੁੱਜਣ ਤੇ ਪਹਿਲਵਾਨਾਂ ਅਤੇ ਪਿੰਡ ਮੁੱਲਾਂਪੁਰ ਦੇ ਵਸਨੀਕਾਂ ਵੱਲੋਂ ਉਸ ਦਾ ਸਵਾਗਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਜਸਪੂਰਨ ਪਹਿਲਵਾਨ ਚਿਤਕਾਰਾ ਯੂਨੀਵਰਸਿਟੀ ਰਾਜਪੁਰਾ ਦਾ ਵਿਦਿਆਰਥੀ ਹੈ ।ਜਿੱਥੇ ਪ੍ਰੋ ਚਾਂਸਲਰ ਸ੍ਰੀ ਮਤੀ ਮਧੂ ਚਿਤਕਾਰਾ ਅਤੇ ਉਥੋਂ ਦੇ ਸਮੂਹ ਸਟਾਫ ਤੋਂ ਇਲਾਵਾ ਸਪੋਰਟਸ ਡਿਪਾਰਮੇਂਟ ਚਿਤਕਾਰਾ ਵੱਲੋਂ ਵੀ ਉਸ ਨੂੰ ਪੂਰਾ ਸਹਿਯੋਗ ਦਿੱਤਾ ਜਾਂਦਾ ਹੈ। ਅੱਜ ਏਅਰ ਤੇ ਵੀ ਹਰਿੰਦਰ ਪਾਲ ਸਿੰਘ ਡਰਾਇਕਟਰ ਚਿਤਕਾਰਾ ਯੂਨੀਵਰਸਿਟੀ ਰਾਜਪੁਰਾ ਤੋਂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਉਨ੍ਹਾਂ ਵੀ ਦੱਸਿਆ ਕਿ ਸਮੇਂ ਸਮੇਂ ਤੇ ਹੋਣ ਵਾਲੀਆਂ ਖੇਡਾਂ ਵਿੱਚ ਅਤੇ ਹੋਰ ਗਤੀਵਿਧੀਆਂ ਰਾਹੀਂ ਜਸਪੂਰਨ ਪਹਿਲਵਾਨ ਦੀ ਪੂਰੀ ਮਦਦ ਕੀਤੀ ਜਾਂਦੀ ਹੈ । ਇਹ ਇਕੱਲਾ ਹੀ ਪੂਰੀ ਯੂਨੀਵਰਸਿਟੀ ਵਿੱਚ ਪਹਿਲਵਾਨੀ ਖੇਤਰ ਨਾਲ ਜੁੜਿਆ ਹੋਇਆ ਵਿਦਿਆਰਥੀ ਹੈ।ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਸਾਨੂੰ ਆਸ ਹੈ ਕਿ ਇਸ ਦੀ ਉਪੱਲਵਧੀ ਨੂੰ ਦੇਖਦਿਆਂ ਹੋਰ ਨੌਜਵਾਨ ਵੀ ਇਸ ਖੇਡ ਨਾਲ ਜੁੜਨਗੇ ।

ਇਸ ਮੌਕੇ ਰਵੀ ਸ਼ਰਮਾ ਵੱਲੋਂ ਗੋਲੂ ਪਹਿਲਵਾਨ ਅਤੇ ਜਸਪੂਰਨ ਪਹਿਲਵਾਨ ਨੂੰ ਵਧਾਈਆਂ ਦਿੰਦਿਆਂ ਕਿਹਾ ਗਿਆ ਕਿ ਇਹ ਨੌਜਵਾਨ ਛੋਟੀ ਉਮਰ ਵਿੱਚ ਹੀ ਵੱਡੀਆਂ ਪ੍ਰਾਪਤੀਆਂ ਕਰ ਕੇ ਇਸ ਅਖਾੜੇ ਦਾ ਅਤੇ ਮੁੱਲਾਂਪੁਰ ਗਰੀਬਦਾਸ ਦਾ ਨਾਂ ਰੌਸ਼ਨ ਕਰ ਰਿਹਾ ਹੈ। ਅਖਾੜੇ ਦੇ ਹੋਰ ਪਹਿਲਵਾਨ ਵੀ ਇਸ ਨੂੰ ਦੇਖਦਿਆਂ ਅਭਿਆਸ ਕਰਦੇ ਹਨ। ਇਸ ਜਿੱਤ ਤੋਂ ਬਾਅਦ ਸਾਨੂੰ ਹੋਰ ਵੀ ਵਧੀਆ ਨਤੀਜੇ ਸਾਹਮਣੇ ਆਉਣ ਦੀ ਸੰਭਾਵਨਾ ਹੈ।ਪਰ ਏਥੇ ਸਭ ਤੋਂ ਵੱਧ ਸਾਨੂੰ ਸਰਕਾਰ ਵੱਲੋਂ ਮਦਦ ਦੀ ਲੋੜ ਹੈ।ਪਰ ਜਿਸ ਤਰ੍ਹਾਂ ਇਸ ਅਖਾੜੇ ਵਿੱਚ ਨਾਮੀ ਪਹਿਲਵਾਨ ਅਭਿਆਸ ਕਰਦੇ ਹਨ ਅਤੇ ਪੂਰੀ ਦੁਨੀਆ ਵਿੱਚ ਅਖਾੜੇ ਦਾ ਨਾਮ ਹੈ ਸ਼ਾਇਦ ਸਰਕਾਰ ਦਾ ਇਸ ਵੱਲ ਕੋਈ ਧਿਆਨ ਨਹੀਂ। ਪਹਿਲਾਂ ਵੀ ਮੈਡਲ ਜਿੱਤ ਚੁੱਕਾ ਹੈ।ਅੱਜ ਵੀ ਸਰਕਾਰ ਦਾ ਕੋਈ ਨੁਮਾਇੰਦਾ ਵਧਾਈਆਂ ਦੇਣ ਲਈ ਨਹੀਂ ਪੁੱਜਾ। ਸਰਕਾਰ ਦੇ ਉੱਚ ਅਧਿਕਾਰੀਆਂ ਅਤੇ ਇਲਾਕੇ ਦੇ ਲੀਡਰਾਂ ਨੂੰ ਆਪ ਦੱਸਿਆ ਜਾਂਦਾ ਹੈ ਕਿ ਅੱਜ ਸਾਡੇ ਪਹਿਲਵਾਨ ਨੇ ਮੈਡਲ ਜਿੱਤ ਕੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ ।ਪਰ ਫਿਰ ਵੀ ਉਹ ਸਿਰਫ ਮੋਬਾਈਲ ਫੋਨ ਤੇ ਡੀ ਪੀ ਲਾਉਣ ਤੱਕ ਹੀ ਸੀਮਤ ਰਹਿ ਜਾਂਦੇ ਹਨ। ਉਹਨਾਂ ਕਿਹਾ ਕਿ ਸਰਕਾਰ ਸਹਿਯੋਗ ਕਰੇ ਤਾਂ ਹੋਰ ਵੀ ਵਧੀਆ ਪ੍ਰਦਰਸ਼ਨ ਕੀਤਾ ਜਾ ਸਕਦਾ ਹੈ।ਜਦੋਂ ਕਿ ਸਰਕਾਰ ਦੇ ਕਰਨ ਵਾਲੇ ਕੰਮ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਰਵੀ ਸ਼ਰਮਾ ਅਤੇ ਗੋਲੂ ਪਹਿਲਵਾਨ ਲੱਖਾਂ ਰੁਪਏ ਖਰਚ ਕੇ ਕਰ ਰਹੇ ਹਨ।ਸਰਕਾਰ ਨੂੰ ਚਾਹੀਦਾ ਹੈ ਕਿ ਇਸ ਅਖਾੜੇ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।ਪਹਿਲਵਾਨ ਦੀ ਜ਼ਿੰਦਗੀ ਬਹੁਤ ਸੰਘਰਸ਼ ਸ਼ੀਲ ਹੁੰਦੀ ਹੈ। ਸਾਨੂੰ ਪਤਾ ਹੈ ਕਿ ਕਿੰਨੀ ਮਿਹਨਤ ਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਏਥੇ ਤੱਕ ਪਹੁੰਚਣ ਲਈ ਤੇ ਵੱਡੇ ਸੁਪਨੇ ਨੂੰ ਸਾਕਾਰ ਕਰਨ ਲਈ ਦਿਨ ਰਾਤ ਮਿਹਨਤ ਮੰਗਦੀ ਹੈ ਇਹ ਪਹਿਲਵਾਨੀ।ਜਸਪੂਰਨ ਸਿੰਘ ਪਹਿਲਵਾਨ ਜੋ ਕਿ ਆਪਣੇ ਪਰਿਵਾਰ ਸਮੇਤ ਮੁੱਲਾਂਪੁਰ ਵਿਖੇ ਕਿਰਾਏ ਦੇ ਮਕਾਨ ਵਿੱਚ ਰਹਿ ਕੇ ਗੋਲੂ ਪਹਿਲਵਾਨ ਦੀ ਦੇਖਰੇਖ ਹੇਠ ਲਗਾਤਾਰ ਅਭਿਆਸ ਕਰਦਾ ਆ ਰਿਹਾ ਹੈ। ਜਿਸ ਵਿੱਚ ਉਸ ਦੇ ਪਿਤਾ ਕੁਲਤਾਰ ਪਹਿਲਵਾਨ ਤੇ ਮਾਤਾ ਭਰਪੂਰ ਯੋਗਦਾਨ ਹੈ। ਪਿਤਾ ਤੇ ਮਾਤਾ ਵੱਲੋਂ ਵੀ ਆਪਣੇ ਪੁੱਤਰ ਦੀ ਇਸ ਉਪਲਬਧੀ ਤੇ ਸਾਰਿਆਂ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ।ਇਸ ਮੌਕੇ ਕੁਲਤਾਰ ਪਹਿਲਵਾਨ ਨੇ ਦੱਸਿਆ ਅਖਾੜਾ ਮੁੱਲਾਂਪੁਰ ਗਰੀਬਦਾਸ ਦੇ ਸੰਚਾਲਕ ਗੋਲੂ ਪਹਿਲਵਾਨ ਦੀ ਸਰਪ੍ਰਸਤੀ ਹੇਠ ਇਲਾਕੇ ਦੇ ਨੌਜਵਾਨਾਂ ਨੂੰ ਵਿਦੇਸ਼ਾਂ ਦੇ ਕੋਚ ਸਿਖਲਾਈ ਦੇ ਰਹੇ ਹਨ।ਸਾਰਾ ਖਰਚਾ ਆਪਣੇ ਪੱਲਿਉਂ ਕੀਤਾ ਜਾ ਰਿਹਾ ਹੈ। ਇੱਕ ਲੱਖ ਰੁਪਏ ਤੋਂ ਵੱਧ ਵਿਦੇਸ਼ੀ ਕੋਚ ਦੀ ਤਨਖਾਹ ਹੈ। ਉਹ ਵੀ ਸਭ ਰਵੀ ਸ਼ਰਮਾ ਅਤੇ ਗੋਲੂ ਪਹਿਲਵਾਨ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪੂਰੀ ਕੀਤੀ ਜਾਂਦੀ ਹੈ।ਉਨ੍ਹਾਂ ਵੱਲੋਂ ਹਮੇਸ਼ਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਜਿਸ ਤਰ੍ਹਾਂ ਦੇ ਪਹਿਲਵਾਨਾਂ ਨੂੰ ਇਸ ਅਖਾੜੇ ਵਿੱਚ ਤਿਆਰ ਕੀਤਾ ਜਾਂਦਾ ਹੈ ਸਰਕਾਰ ਵੱਲੋਂ ਉਨ੍ਹਾਂ ਨੂੰ ਬਣਦਾ ਸਤਿਕਾਰ ਤੇ ਸਹਿਯੋਗ ਨਹੀਂ ਮਿਲਦਾ। ਕਿਉਂਕਿ ਸਭ ਤੋਂ ਵੱਧ ਪਹਿਲਵਾਨਾਂ ਦੀ ਖੁਰਾਕ ਤੇ ਹੋਰ ਫੁੱਟਕਲ ਖਰਚੇ ਹਨ ਜੋ ਹਰੇਕ ਪਹਿਲਵਾਨ ਸ਼ਾਇਦ ਪੂਰਾ ਨਾ ਕਰ ਸਕਦਾ ਹੋਵੇ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਅਖਾੜੇ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਅੰਬਿਕਾ ਸ਼ਰਮਾ,ਸ੍ਰੀ ਸ਼ੇਰ ਸਿੰਘ ਮੱਲ, ਧਰਮਿੰਦਰ ਸਿੰਘ ਮੁੱਲਾਂਪੁਰ,ਸਿਤਾਰ ਮੁਹੰਮਦ,ਹੈਪੀ ਮਹਿਰੌਲੀ, ਬਲਵਿੰਦਰ ਸਿੰਘ ਸਿਸਵਾਂ, ਸੌਦਾਗਰ ਸਿੰਘ ਹੁਸ਼ਿਆਰਪੁਰ, ਗੋਲਡੀ ਪੜੌਲ ਤੋਂ ਇਲਾਵਾ ਜਸਪੂਰਨ ਦੇ ਮਾਤਾ ਤੇ ਨਾਨੀ ਜੀ ਵੀ ਹਾਜ਼ਰ ਸਨ।

## ਵਿਧਾਇਕ ਰੰਧਾਵਾ ਨੇ ਜਲੰਧਰ ਪੱਛਮੀ ਜ਼ਿਮਨੀ ਚੋਣਾਂ ਪਾਰਟੀ ਦੇ ਉਮੀਦਵਾਰ ਦੇ ਪ੍ਰਚਾਰ ਲਈ ਟੀਮ ਨੂੰ ਕੀਤਾ ਰਵਾਨਾ

**ਜ਼ੀਰਕਪੁਰ, 28 ਜੂਨ**
**-ਸੰਜੀਵ ਭੰਡਾਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਨੇ (ਜਲੰਧਰ ਪੱਛਮੀ) ਦੀ ਜ਼ਿਮਨੀ ਚੋਣ ਲਈ ਪੂਰੀ ਤਾਕਤ ਝੋਕ ਦਿੱਤੀ ਹੈ। 'ਆਪ' ਸਰਕਾਰ ਦੇ ਵਿਧਾਇਕ ਤੇ ਮੰਤਰੀ ਵਾਰਡ ਇੰਚਾਰਜ ਵਜੋਂ ਨਿਯੁਕਤ ਕਰ ਦਿੱਤੇ ਗਏ ਹਨ। 'ਆਪ' ਦੇ ਸੰਗਠਨ ਸਕੱਤਰ ਅਤੇ ਰਾਜ ਸਭਾ ਮੈਂਬਰ ਸੰਦੀਪ ਪਾਠਕ ਨੇ ਚੋਣ ਸਬੰਧੀ 20 ਜੂਨ ਨੂੰ ਮੀਟਿੰਗ ਕੀਤੀ ਸੀ। ਮੀਟਿੰਗ ਮਗਰੋਂ ਹੁਣ ਪਾਰਟੀ ਦੇ ਵਿਧਾਇਕਾਂ ਤੇ ਵਜ਼ੀਰਾਂ ਨੂੰ ਚੋਣ ਦੀ ਕਮਾਨ ਸੌਂਪ ਦਿੱਤੀ ਗਈ ਹੈ ਜਿਸ ਤਹਿਤ ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੀ ਅਗਵਾਈ ਹੇਠ ਜ਼ੀਰਕਪੁਰ ਦੀ ਟੀਮ ਨੇ ਜਲੰਧਰ ਵੈਸਟ ਵਿਖੇ ਹੋਣ ਜਾ ਰਹੀਆਂ ਜ਼ਿਮਨੀ ਚੋਣਾਂ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਹਿੰਦਰ ਭਗਤ ਦੀ ਹਮਾਇਤ ਕਰਨ ਲਈ ਮੁਹਿੰਮ ਵਿੱਢ ਦਿੱਤੀ ਹੈ। 10 ਜੁਲਾਈ ਨੂੰ ਵੋਟਿੰਗ ਵਾਲੇ ਦਿਨ ਤੋਂ ਪਹਿਲਾਂ ਸ੍ਰੀ ਭਗਤ ਲਈ ਸਰਗਰਮੀ ਨਾਲ ਪ੍ਰਚਾਰ ਕਰਨ ਅਤੇ ਸਮਰਥਨ ਹਾਸਲ ਕਰਨ ਲਈ ਟੀਮ ਜਲੰਧਰ ਲਈ ਰਵਾਨਾ ਹੋਈ। ਇਸ ਸਾਲ ਲੋਕਸਭਾ ਚੋਣਾਂ ਤੋਂ ਪਹਿਲਾਂ ਅਪ੍ਰੈਲ ਵਿੱਚ ਮੌਜੂਦਾ ਵਿਧਾਇਕ ਵਿਧਾਇਕ ਸ਼ੀਤਲ ਅੰਗੁਰਾਲ ਦੇ ਅਸਤੀਫੇ ਤੋਂ ਬਾਅਦ ਜਲੰਧਰ ਪੱਛਮੀ ਹਲਕੇ ਲਈ ਉਪ ਚੋਣ ਕਰਵਾਉਣੀ ਜ਼ਰੂਰੀ ਹੋ ਗਈ ਸੀ। ਵੋਟਾਂ ਦਾ ਦਿਨ ਤੇਜ਼ੀ ਨਾਲ ਨੇੜੇ ਆ ਰਿਹਾ ਹੈ, ਸਿਆਸੀ ਪਾਰਟੀਆਂ ਇਸ ਅਹਿਮ ਚੋਣ ਵਿੱਚ ਜਿੱਤ ਹਾਸਲ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀਆਂ ਹਨ। ਆਪਣੀਆਂ ਲੋਕ ਪੱਖੀ ਨੀਤੀਆਂ ਅਤੇ ਚੰਗੇ ਪ੍ਰਸ਼ਾਸਨ ਪ੍ਰਤੀ ਵਚਨਬੱਧਤਾ ਲਈ ਜਾਣੀ ਜਾਂਦੀ ਆਮ ਆਦਮੀ ਪਾਰਟੀ ਨੇ ਇਸ ਉਪ ਚੋਣ ਲਈ ਸ੍ਰੀ ਮਹਿੰਦਰ ਭਗਤ ਨੂੰ ਆਪਣਾ ਉਮੀਦਵਾਰ ਚੁਣਿਆ ਹੈ। ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਦੇ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਜਲੰਧਰ ਪੱਛਮੀ ਜ਼ਿਮਨੀ ਚੋਣ ਨੂੰ ਲੈ ਕੇ ਪਾਰਟੀ ਦੀ ਪ੍ਰਚਾਰ ਮੁਹਿੰਮ ਵਿੱਚ ਸਰਗਰਮੀ ਨਾਲ ਜੁਟ ਗਏ ਹਨ। ਪਾਰਟੀ ਉਮੀਦਵਾਰ ਸ੍ਰੀ ਭਗਤ ਨੂੰ ਸਮਰਥਨ ਦੇਣ ਵਿਚ ਉਨ੍ਹਾਂ ਦਾ ਅਹਿਮ ਯੋਗਦਾਨ ਰਿਹਾ ਹੈ। ਜ਼ੀਰਕਪੁਰ ਦੀ ਟੀਮ, ਜਿਸ ਵਿੱਚ ਪਾਰਟੀ ਦੇ ਅਹੁਦੇਦਾਰ ਅਤੇ ਵਲੰਟੀਅਰ ਸ਼ਾਮਲ ਹਨ, ਘਰ-ਘਰ ਪ੍ਰਚਾਰ ਕਰਨਗੇ, ਰੈਲੀਆਂ ਅਤੇ ਜਨਤਕ ਮੀਟਿੰਗਾਂ ਕਰਨਗੇ ਅਤੇ ਆਮ ਆਦਮੀ ਪਾਰਟੀ ਦੀ ਸੋਚ ਅਤੇ ਸ੍ਰੀ ਭਗਤ ਦੀ ਉਮੀਦਵਾਰੀ ਬਾਰੇ ਜਾਗਰੂਕਤਾ ਫੈਲਾਉਣਗੇ। ਜਲੰਧਰ ਪੱਛਮੀ ਜ਼ਿਮਨੀ ਚੋਣ ਲਈ ਵੋਟਾਂ 10 ਜੁਲਾਈ ਨੂੰ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ 13 ਜੁਲਾਈ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੀ ਯੋਗ ਅਗਵਾਈ ਹੇਠ ਜ਼ੀਰਕਪੁਰ ਦੀ ਟੀਮ ਸ੍ਰੀ ਮਹਿੰਦਰ ਭਗਤ ਦੀ ਜਿੱਤ ਯਕੀਨੀ ਬਣਾਉਣ ਲਈ ਡਟ ਗਈ ਹੈ।

## ਸ਼ੀਤਲ ਅੰਗੁਰਾਲ ਨੇ ਜਲੰਧਰ ਦੇ ਲੋਕਾਂ ਤੋਂ ਵਿਕਾਸ ਦਾ ਹੱਕ ਖੋਹਿਆ, ਉਹ ਇੱਕ ਗ਼ੱਦਾਰ ਹੈ: ਆਪ

**ਜਲੰਧਰ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਭਾਜਪਾ ਉਮੀਦਵਾਰ ਸ਼ੀਤਲ ਅੰਗੁਰਾਲ 'ਤੇ ਜਲੰਧਰ ਪੱਛਮੀ ਦੇ ਲੋਕਾਂ ਨਾਲ ਧੋਖਾ ਕਰਨ, ਉਨ੍ਹਾਂ ਦੇ ਫ਼ਤਵੇ ਦਾ ਨਿਰਾਦਰ ਕਰਨ ਅਤੇ ਲੋਕਾਂ ਦੀ ਭਲਾਈ ਤੋਂ ਉੱਪਰ ਆਪਣੇ ਸਵਾਰਥੀ ਗੈਰ-ਕਾਨੂੰਨੀ ਕੰਮਾਂ ਨੂੰ ਪਹਿਲ ਦੇਣ ਲਈ ਤਿੱਖਾ ਹਮਲਾ ਕੀਤਾ ਹੈ।

ਆਪ ਮੰਤਰੀ ਅਮਨ ਅਰੋੜਾ ਨੇ ਵੀਰਵਾਰ ਨੂੰ ਜਲੰਧਰ 'ਚ ਇਕ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਸ਼ੀਤਲ ਅੰਗੁਰਾਲ ਨੂੰ ਪੰਜ ਸਵਾਲ ਪੁੱਛੇ ਅਤੇ ਕਿਹਾ ਕਿ ਉਨ੍ਹਾਂ ਨੂੰ ਇਨ੍ਹਾਂ ਸਵਾਲਾਂ ਦੇ ਜਵਾਬ ਜਲੰਧਰ ਪੱਛਮੀ ਦੇ ਲੋਕਾਂ ਨੂੰ ਦੇਣੇ ਚਾਹੀਦੇ ਹਨ। ਅਮਨ ਅਰੋੜਾ ਦੇ ਨਾਲ 'ਆਪ' ਦੇ ਜਲੰਧਰ ਲੋਕ ਸਭਾ ਉਮੀਦਵਾਰ ਪਵਨ ਕੁਮਾਰ ਟੀਨੂੰ ਅਤੇ ਲਹਿਰਾ ਤੋਂ ਵਿਧਾਇਕ ਬਰਿੰਦਰ ਗੋਇਲ ਵੀ ਮੌਜੂਦ ਸਨ।

ਆਪ ਆਗੂ ਨੇ ਕਿਹਾ ਕਿ ਸ਼ੀਤਲ ਅੰਗੁਰਾਲ ਨੇ ਆਪਣੇ ਸਵਾਰਥ ਲਈ ਇਹ ਜ਼ਿਮਨੀ ਚੋਣ ਜਲੰਧਰ ਦੇ ਲੋਕਾਂ 'ਤੇ ਥੋਪ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਲੋਕਾਂ ਨਾਲ ਧੋਖਾ ਕੀਤਾ ਹੈ ਅਤੇ ਹੁਣ ਜਲੰਧਰ ਦੇ ਲੋਕ ਇਸ ਵਾਰੀ ਉਨ੍ਹਾਂ ਨੂੰ ਸਬਕ ਸਿਖਾਉਣਗੇ। ਅਰੋੜਾ ਨੇ ਕਿਹਾ ਕਿ ਸ਼ੀਤਲ ਅੰਗੁਰਾਲ ਨੇ ਆਪਣੇ ਹਲਕੇ ਦੇ ਲੋਕਾ

# ਮੁੱਖ ਮੰਤਰੀ ਨਾਇਬ ਸਿੰਘ ਨੇ ਗੁਰੂਗ੍ਰਾਮ ਵਿਚ ਕੂੜਾ ਇਕੱਠਾ ਕਰਨ ਲਈ 50 ਨਵੇਂ ਇਲੈਕਟ੍ਰਿਕ ਵਾਹਨਾਂ ਨੂੰ ਦਿਖਾਈ ਹਰੀ ਝੰਡੀ

**➢ ਡੋਰ-ਟੂ-ਡੋਰ ਕੂੜਾ ਚੁੱਕਣ ਦੀ ਵਿਵਸਥਾ ਵਿਚ ਵਾਹਨਾਂ ਦੀ ਗਿਣਤੀ ਹੋਈ 500 ਤੋਂ ਵੱਧ ➢ ਮੁੱਖ ਮੰਤਰੀ ਨੇ ਕਪੜਾ ਥੈਲਾ ਵੈਂਡਿੰਗ ਮਸ਼ੀਨ ਅਤੇ ਸੇਨੀਟਰੀ ਪੈਡ ਵੈਂਡਿੰਗ ਮਸ਼ੀਨ ਦੀ ਵੀ ਕੀਤੀ ਸ਼ੁਰੂਆਤ ➢ ਇਹ ਮਸ਼ੀਨਾਂ ਜਲਦੀ ਹੀ ਸ਼ਹਿਰ ਦੇ ਵੱਖ-ਵੱਖ ਸਥਾਨਾਂ 'ਤੇ ਕੀਤੀਆਂ ਜਾਣਗੀਆਂ ਸਥਾਪਿਤ**

**ਚੰਡੀਗੜ੍ਹ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਗੁਰੂਗ੍ਰਾਮ ਵਿਚ ਸਫਾਈ ਵਿਵਸਥਾ ਨੂੰ ਹੋਰ ਦਰੁਸਤ ਕਰਦੇ ਹੋਏ ਵੀਰਵਾਰ ਨੂੰ 50 ਨਵੇਂ ਡੋਰ-ਟੂ-ਡੋਰ ਕੂੜਾ ਇਕੱਠਾ ਕਰਨ ਵਾਲੇ ਵਾਹਨਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇੰਨ੍ਹਾਂ ਨੂੰ ਮਿਲਾ ਕੇ ਵਾਹਨਾਂ ਦੀ ਗਿਣਤੀ 500 ਤੋਂ ਵੱਧ ਹੋ ਗਈ ਹੈ।

ਵਰਨਣਯੋਗ ਹੈ ਕਿ ਨਗਰ ਨਿਗਮ ਗੁਰੂਗ੍ਰਾਮ ਖੇਤਰ ਵਿਚ ਡੋਰ-ਟੂ-ਡੋਰ ਕੂੜਾਂ ਚੁੱਕਣ ਸਮੇਤ ਸਫਾਈ ਵਿਵਸਥਾ ਨੂੰ ਬਿਹਤਰ ਕਰਨ ਲਈ ਯੁੱਧ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ। ਇਸ ਦੇ ਤਹਿਤ ਇਕ ਪਾਸੇ ਜਿੱਥੇ ਵਾਹਨਾਂ ਤੇ ਮਸ਼ੀਨਰੀ ਦੀ ਗਿਣਤੀ ਰੋਜਾਨਾ ਵਧਾਈ ਜਾ ਰਹੀ ਹੈ, ਉੱਥੇ ਦੂਜੇ ਪਾਸੇ ਨਿਗਮ ਖੇਤਰ ਦੇ ਸਾਰੇ ਵਾਰਡਾਂ ਵਿਚ ਸਫਾਈ ਵਿਵਸਥਾ ਦੀ ਬਿਹਤਰ ਨਿਗਰਾਨੀ ਲਈ 19 ਐਚਸੀਐਸ ਅਧਿਕਾਰੀਆਂ ਨੂੰ ਜਿਮੇਵਾਰੀ ਸੌਂਪੀ ਹੋਈ ਹੈ।

ਗੁਰੂਗ੍ਰਾਮ ਵਿਚ ਸਰਕਾਰ ਵੱਲੋਂ ਲਾਗੂ ਠੋਸ ਕੂੜਾ ਵਾਤਾਵਰਣ ਜਰੂਰਤ ਪ੍ਰੋਗ੍ਰਾਮ (ਸਵੀਪ) ਤਹਿਤ ਜਾਰੀ ਵਿਸ਼ੇਸ਼ ਸਵੱਛਤਾ ਮੁਹਿੰਮ ਦੌਰਾਨ ਵੱਖ-ਵੱਖ ਸਥਾਨਾਂ 'ਤੇ ਬਣੇ ਗਾਰਬੇਜ ਵਨਰੇਬਲ ਪੁਆਇੰਟ ਸਾਫ ਕੀਤੇ ਗਏ ਹਨ ਅਤੇ ਰੋਜਾਨਾਂ ਸਫਾਈ ਵਿਵਸਥਾ ਬਿਹਤਰ ਹੋ ਰਹੀ ਹੈ। ਇਸ ਦੇ ਨਾਲ ਹੀ ਸੈਕੇਂਡਰੀ ਕੂੜਾ ਕਲੈਕਸ਼ਨ ਪੁਆਇੰਟਾਂ ਤੋਂ ਵੀ ਕੂੜਾਂ ਉਠਾਨ ਤੇਜੀ ਨਾਲ ਕੀਤਾ ਜਾ ਰਿਹਾ ਹੈ। ਇਸ ਦੇ ਤਹਿਤ ਖਾਂਡਸਾ ਤੇ ਵਾਟਿਕਾ ਚੌਕ ਸਥਿਤ ਸੈਕੇਂਡਰੀ ਕਲੈਕਸ਼ਨ ਪੁਆਇੰਟਾਂ ਨੂੰ ਜੀਰੋ ਗਾਰਬੇਜ ਕਰਦੇ ਹੋਏ ਹੁਣ ਨਿਯਮਤ ਕੂੜਾ ਉਠਾਨ ਯਕੀਨੀ ਕੀਤਾ ਜਾ ਰਿਹਾ ਹੈ।

**ਇਲੈਕਟ੍ਰਿਕ ਡੋਰ-ਟੂ-ਡੋਰ ਵਾਹਨਾਂ ਨਾਲ ਵਾਤਾਵਰਣ ਸਰੰਖਣ ਦਾ ਰੱਖਿਆ ਜਾ ਰਿਹਾ ਧਿਆਨ**

ਨਗਰ ਨਿਗਮ ਗੁਰੂਗ੍ਰਾਮ ਵੱਲੋਂ ਡੋਰ-ਟੂ-ਡੋਰ ਕੂੜਾ ਕਲੈਕਸ਼ਨ ਵਿਵਸਥਾ ਵਿਚ ਵੱਧ ਤੋਂ ਵੱਧ ਇਲੈਕਟ੍ਰਿਕ ਵਾਹਨਾਂ ਨੂੰ ਸ਼ਾਮਿਲ ਕੀਤਾ ਜਾ ਰਿਹਾ ਹੈ, ਤਾਂ ਜੋ ਵਾਤਾਵਰਣ ਪ੍ਰਦੂਸ਼ਿਤ ਨਾ ਹੋਵੇ। ਵੀਰਵਾਰ ਨੂੰ ਮੁੱਖ ਮੰਤਰੀ ਵੱਲੋਂ ਸ਼ੁਰੂ ਕਰਵਾਏ ਗਏ ਸਾਰੇ ਵਾਹਨ ਇਲੈਕਟ੍ਰਿਕ ਹਨ। ਇਸ ਨਾਲ ਇਕ ਪਾਸੇ ਜਿੱਥੇ ਘਰ-ਘਰ ਤੋਂ ਕੂੜਾ ਇਕੱਠਾ ਕਰਨ ਦੇ ਕੰਮ ਵਿਚ ਤੇਜੀ ਆਵੇਗੀ, ਉੱਥੇ ਦੂਜੇ ਪਾਸੇ ਵਾਤਾਵਰਣ ਸਰੰਖਣ ਵੀ ਹੋਵੇਗਾ।

**ਕਪੜਾ ਥੈਲਾ ਵੈਂਡਿੰਗ ਮਸ਼ੀਨ ਦੀ ਵੀ ਕੀਤੀ ਸ਼ੁਰੂਆਤ**

ਇਸ ਤੋਂ ਇਲਾਵਾ, ਮੁੱਖ ਮੰਤਰੀ ਨੇ ਸਿੰਗਲ ਯੂਜ ਪਲਾਸਟਿਕ ਤੇ ਪੋਲੀਥੀਨ ਕੈਰੀਬੈਗ ਮੁਕਤ ਗੁਰੂਗ੍ਰਾਮ ਮੁਹਿੰਮ ਦੇ ਤਹਿਤ ਕਪੜਾ ਥੈਲਾ ਵੈਂਡਿੰਗ ਮਸ਼ੀਨ ਦੀ ਵੀ ਸ਼ੁਰੂਆਤ ਕੀਤੀ। ਇਹ ਮਸ਼ੀਨਾਂ ਆਉਣ ਵਾਲੇ ਸਮੇਂ ਵਿਚ ਗੁਰੂਗ੍ਰਾਮ ਦੇ ਵੱਖ-ਵੱਖ ਪਬਲਿਕ ਸਥਾਨਾਂ 'ਤੇ ਲਗਾਈਆਂ ਜਾਣਗੀਆਂ। ਮਸ਼ੀਨ ਵਿਚ 10 ਰੁਪਏ ਦਾ ਸਿੱਕਾ ਪਾ ਕੇ ਜਾਂ ਯੂਪੀਆਈ ਰਾਹੀਂ ਵੀ ਕਪੜੇ ਦਾ ਥੈਲਾ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਤੋਂ ਨਾਗਰਿਕਾਂ ਵਿਚ ਸਿੰਗਲ ਯੂਜ ਪਲਾਸਟਿਕ ਤੇ ਪੋਲੀਥੀਨ ਕੈਰੀਬੈਗ ਮੁਕਤ ਗੁਰੂਗ੍ਰਾਮ ਬਨਾਉਣ ਲਈ ਪ੍ਰੇਰਣਾ ਮਿਲੇਗੀ। ਮੁੱਖ ਮੰਤਰੀ ਨੇ ਸੈਨੀਟਰੀ ਪੈਡ ਵੈਂਡਿੰਗ ਮਸ਼ੀਨ ਦੀ ਵੀ ਸ਼ੁਰੂਆਤ ਕੀਤੀ। ਮਸ਼ੀਨ ਤੋਂ ਨਵੇਂ ਪੈਡ ਪ੍ਰਾਪਤ ਕਰਨ ਦੇ ਨਾਲ ਹੀ ਵਰਤੋਂ ਕੀਤੇ ਗਏ ਪੈਡ ਨੂੰ ਡਿਸਪੋਜ ਆਫ ਵੀ ਕੀਤਾ ਜਾ ਸਕੇਗਾ।

ਇਸ ਮੌਕੇ 'ਤੇ ਗੁਰੂਗ੍ਰਾਮ ਡਿਵੀਜਨ ਦੇ ਕਮਿਸ਼ਨਰ ਆਰਸੀ ਬਿਢਾਨ, ਪੁਲਿਸ ਕਮਿਸ਼ਨਰ ਵਿਕਾਸ ਅਰੋੜਾ, ਡਿਪਟੀ ਕਮਿਸ਼ਨਰ ਨਿਸ਼ਾਂਤ ਕੁਮਾਰ ਯਾਦਵ, ਨਿਗਮ ਕਮਿਸ਼ਨਰ ਡਾ. ਨਰਹਰੀ ਸਿੰਘ ਬਾਂਗੜ, ਵਧੀਕ ਨਿਗਮ ਕਮਿਸ਼ਨਰ ਡਾ. ਬਲਪ੍ਰੀਤ ਸਿੰਘ, ਸੰਯੁਕਤ ਕਮਿਸ਼ਨਰ (ਸਵੱਛ ਭਾਰਤ ਮਿਸ਼ਨ) ਡਾ. ਨਰੇਸ਼ ਕੁਮਾਰ ਸਮੇਤ ਕਈ ਮਾਣਯੋਗ ਵਿਅਕਤੀ ਅਤੇ ਅਧਿਕਾਰੀ ਮੌਜੂਦ ਸਨ।

## ਹਰਿਆਣਾ ਸਰਕਾਰ ਨੇ ਬੁਢਾਪਾ ਸਨਮਾਨ ਭੱਤਾ ਤਿੰਨ ਹਜ਼ਾਰ ਰੁਪਏ ਮਹੀਨਾ ਕੀਤਾ

**ਚੰਡੀਗੜ੍ਹ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਅੱਜ ਇਥੇ ਹਰਿਆਣਾ ਕੈਬਨਿਟ ਦੀ ਮੀਟਿੰਗ ਹੋਈ। ਮੀਟਿੰਗ ਵਿੱਚ 19 ਏਜੰਡੇ ਰੱਖੇ ਗਏ, ਜਿਨ੍ਹਾਂ ਨੂੰ ਪਾਸ ਕਰ ਦਿੱਤਾ ਗਿਆ। ਮੀਟਿੰਗ ਵਿੱਚ ਬੁਢਾਪਾ ਸਨਮਾਨ ਭੱਤਾ ਤਿੰਨ ਹਜ਼ਾਰ ਰੁਪਏ ਮਹੀਨੇ ਕਰ ਦਿੱਤਾ ਹੈ, ਜੋ ਕਿ ਪਹਿਲਾਂ 2750 ਰੁਪਏ ਦਿੱਤਾ ਜਾਂਦਾ ਸੀ। ਇਹ ਆਦੇਸ਼ 1 ਜਨਵਰੀ 2024 ਤੋਂ ਲਾਗੂ ਕੀਤੇ ਜਾਣਗੇ। ਇਸ ਤੋਂ ਇਲਾਵਾ ਸਿਰਸਾ ਵਿੱਚ ਗੁਰਦੁਆਰਾ ਸ੍ਰੀ ਚਿੱਲਾ ਸਾਹਿਬ ਨੂੰ 77 ਕਨਾਲ 7 ਮਰਲੇ ਅਤੇ ਗੁਰੂ ਨਾਨਕ ਪਬਲਿਕ ਸਕੂਲ ਸਿਰਸਾ ਨੂੰ 6 ਕਨਾਲ 9 ਮਰਲੇ ਜ਼ਮੀਨ ਦੇਣ ਦਾ ਫ਼ੈਸਲਾ ਕੀਤਾ ਗਿਆ। ਇਸ ਦੌਰਾਨ ਸ਼ਹੀਦ ਸੱਤਿਆਵਾਨ ਦੀ ਭੈਣ ਮੰਜੂ ਰਾਣੀ ਅਤੇ ਸ਼ਹੀਦ ਕੈਪਟਨ ਕਪਿਲ ਕੁੰਡੂ ਦੀ ਭੈਣ ਕਾਜਲ ਨੂੰ ਸਰਕਾਰੀ ਨੌਕਰੀ ਦੇਣ ਲਈ ਪ੍ਰਵਾਨਗੀ ਦੇ ਦਿੱਤੀ ਹੈ।

## ਭਾਜਪਾ ਨਾਲ ਗੱਠਜੋੜ ਤੋਂ ਜੇਜੇਪੀ ਦਾ ਨੁਕਸਾਨ ਹੋਇਆ: ਦੁਸ਼ਯੰਤ ਚੌਟਾਲਾ

**ਚੰਡੀਗੜ੍ਹ, 28 ਜੂਨ**
**-ਪ੍ਰੇਸ ਕੀ ਤਾਕਤ ਬਿਊਰ**

ਹਰਿਆਣਾ ਵਿੱਚ ਜਨ ਨਾਇਕ ਜਨਤਾ ਪਾਰਟੀ (ਜੇਜੇਪੀ) ਦੇ ਸੀਨੀਅਰ ਆਗੂ ਤੇ ਸਾਬਕਾ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਕਿਹਾ ਕਿ ਸਾਲ 2019 ਵਿੱਚ ਵਿਧਾਨ ਸਭਾ ਚੋਣਾਂ ਤੋਂ ਬਾਅਦ ਭਾਜਪਾ ਨਾਲ ਗੱਠਜੋੜ ਕਰ ਕੇ ਜੇਜੇਪੀ ਦਾ ਵੱਡਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਜੇਜੇਪੀ ਕਦੇ ਵੀ ਭਾਜਪਾ ਨਾਲ ਗੱਠਜੋੜ ਨਹੀਂ ਕਰੇਗਾ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਦੁਸ਼ਯੰਤ ਚੌਟਾਲਾ ਨੇ ਅੱਜ ਚੰਡੀਗੜ੍ਹ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਭਾਜਪਾ ਲੋਕਾਂ ਵਿੱਚ ਭਰੋਸਾ ਗੁਆ ਚੁੱਕੀ ਹੈ, ਉਸ ਦਾ ਸੇਕ ਵੀ ਜੇਜੇਪੀ ਨੂੰ ਲੱਗਿਆ ਹੈ। ਇਸ ਲਈ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਜੇਜੇਪੀ ਮਜ਼ਬੂਤੀ ਨਾਲ ਚੋਣ ਮੈਦਾਨ ਵਿੱਚ ਨਿਤਰੇਗੀ। ਉਨ੍ਹਾਂ ਕਿਹਾ ਕਿ ਜੇਜੇਪੀ ਵੱਲੋਂ ਸੂਬੇ ਦੇ 22 ਜ਼ਿਲ੍ਹਿਆਂ ਵਿੱਚ ਆਗੂਆਂ ਨਾਲ ਵਿਚਾਰ-ਚਰਚਾ ਕੀਤੀ ਜਾ ਰਹੀ ਹੈ।

## ਰਾਜਪਾਲ ਵੱਲੋਂ ਜੋਤੀ ਰਾਣਾ ਦੀ ਪੁਸਤਕ ਰਿਲੀਜ਼

**ਫਰੀਦਾਬਾਦ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਰਾਜਪਲ ਬੰਡਾਰੂ ਦੱਤਾਤ੍ਰੇਯ ਨੇ ਅੱਜ ਸ੍ਰੀ ਵਿਸ਼ਵਕਰਮਾ ਸਕਿੱਲ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. ਜੋਤੀ ਰਾਣਾ ਦੀ ਪੁਸਤਕ "ਜ਼ਿੰਦਗੀ ਸੋ ਬੱਟਾ ਸੌ" ਰਿਲੀਜ਼ ਕੀਤੀ। ਉਨ੍ਹਾਂ ਪ੍ਰੋਫੈਸਰ ਰਾਣਾ ਦੀਆਂ ਰਚਨਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਨੁੱਖੀ ਜੀਵਨ ਦੀਆਂ ਭਾਵਨਾਵਾਂ ਉਨ੍ਹਾਂ ਵਿੱਚ ਝਲਕਦੀਆਂ ਹਨ। ਜੀਵਨ ਵਿੱਚ ਉਤਸ਼ਾਹ ਬਣਾਈ ਰੱਖਣ ਲਈ ਅਜਿਹੀ ਰਚਨਾਤਮਕ ਲਿਖਤ ਬਹੁਤ ਜ਼ਰੂਰੀ ਹੈ। ਸ੍ਰੀ ਬੰਡਾਰੂ ਨੇ ਜੋਤੀ ਰਾਣਾ ਨੂੰ ਉਨ੍ਹਾਂ ਦੀ ਨਵੀਂ ਪੁਸਤਕ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਮਨੁੱਖੀ ਜੀਵਨ ਦੇ ਸਾਕਾਰਾਤਮਕ ਪਹਿਲੂਆਂ 'ਤੇ ਲਿਖਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਪ੍ਰੋਫੈਸਰ ਜੋਤੀ ਰਾਣਾ ਦੀ ਪੁਸਤਕ ਵਿੱਚ ਪ੍ਰਗਟਾਵੇ ਦੀ ਕਲਾ ਨੂੰ ਸ਼ਾਨਦਾਰ ਦੱਸਿਆ।

## ਘੱਗਰ ਦਰਿਆ ਦੀ ਮਿੱਟੀ ਵੇਚਣ ਦਾ ਮਾਮਲਾ ਭਖਿਆ

**ਗੂਹਲਾ ਚੀਕਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਘੱਗਰ ਦਰਿਆ 'ਤੇ ਮਿੱਟੀ ਵੇਚਣ ਦਾ ਮਾਮਲਾ ਜ਼ੋਰ ਫੜਦਾ ਜਾ ਰਿਹਾ ਹੈ। ਕਿਸਾਨਾਂ ਨੇ ਦੋਸ਼ ਲਾਇਆ ਕੇ ਠੇਕੇਦਾਰ ਨੇ ਸਰਕਾਰੀ ਹੁਕਮਾਂ ਦੀ ਉਲੰਘਣਾ ਕਰ ਕੇ ਮਿੱਟੀ ਵੇਚੀ ਹੈ। ਇਸ ਮਾਮਲੇ ਵਿਰੁੱਧ ਅੱਜ ਇੱਥੇ ਭਾਰਤੀ ਕਿਸਾਨ ਯੂਨੀਅਨ ਦੀ ਗੂਹਲਾ ਚੀਕਾ ਇਕਾਈ ਦੇ ਅਹੁਦੇਦਾਰਾਂ ਨੇ ਪਹਿਲਾਂ ਧਰਨਾ ਲਾ ਕੇ ਰੋਸ ਪ੍ਰਗਟਾਇਆ ਤੇ ਇਸ ਮਗਰੋਂ ਤਹਿਸੀਲਦਾਰ ਨੂੰ ਮੰਗ ਪੱਤਰ ਸੌਂਪ ਕੇ ਮਿੱਟੀ ਘੁਟਾਲੇ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਇਸ ਤੋਂ ਬਾਅਦ ਕਿਸਾਨਾਂ ਨੇ ਐਸਡੀਐਮ ਕ੍ਰਿਸ਼ਨ ਕੁਮਾਰ ਦੇ ਨਾਲ ਵੀ ਬੈਠਕ ਕੀਤੀ, ਜਿਸ ਵਿੱਚ ਐਸਡੀਐਮ ਨੇ ਮਿੱਟੀ ਘੋਟਾਲੇ ਨੂੰ ਲੈ ਕੇ ਇੱਕ ਕਮੇਟੀ ਗਠਿਤ ਕਰਨ ਦਾ ਭਰੋਸਾ ਦਿੱਤਾ ਹੈ। ਇਸ ਮੌਕੇ ਐਸਡੀਐਮ ਨੇ ਦੱਸਿਆ ਕਿ ਕਿਸਾਨਾਂ ਦੀ ਮੰਗ ਉੱਤੇ ਘੱਗਰ ਦਰਿਆ 'ਤੇ ਵੇਚੀ ਗਈ ਮਿੱਟੀ ਦੇ ਸੈਂਪਲ ਲੈਣ ਦੀ ਮੰਗ ਵੀ ਸਵੀਕਾਰ ਕਰ ਲਈ ਗਈ ਅਤੇ ਉਨ੍ਹਾਂ ਨੇ ਮੌਕੇ ਉੱਤੇ ਹੀ ਸਿੰਜਾਈ ਵਿਭਾਗ ਦੇ ਐਸਡੀਓ ਨੂੰ ਹੁਕਮ ਜਾਰੀ ਕੀਤੇ ਹਨ ਕਿ ਉਕਤ ਮਾਮਲੇ ਵਿੱਚ ਕਿਸਾਨਾਂ ਨੂੰ ਨਾਲ ਲੇ ਕੇ ਮਿੱਟੀ ਦੇ ਸੈਂਪਲ ਲਏ ਜਾਣ।

ਬੈਠਕ ਵਿੱਚ ਮੌਜੂਦ ਸਬੰਧਤ ਵਿਭਾਗ ਦੇ ਐਸਡੀਓ ਅਜਮੇਰ ਸਿੰਘ ਨੇ ਦੱਸਿਆ ਕਿ ਮਿੱਟੀ ਘੁਟਾਲੇ ਦੇ ਦੋਸ਼ ਲੱਗਣ ਦੇ ਬਾਅਦ ਵਿਭਾਗ ਪੂਰੀ ਤਰ੍ਹਾਂ ਸਖ਼ਤ ਹੈ ਅਤੇ ਮਿੱਟੀ ਦੀ ਖੁਦਾਈ 'ਤੇ ਅਧਿਕਾਰੀ ਪੈਨੀ ਨਜ਼ਰ ਰੱਖੇ ਹੋਏ ਹਨ।

ਕਿਸਾਨ ਯੂਨੀਅਨ ਦੇ ਜ਼ਿਲ੍ਹਾ ਉਪ ਪ੍ਰਧਾਨ ਕੇਵਲ ਸਿੰਘ ਸਦਰੇਹੜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪ੍ਰਸ਼ਾਸਨ ਦੇ ਨਾਲ ਹੋਈ ਬੈਠਕ ਸਾਕਾਰਾਤਮਕ ਰਹੀ ਅਤੇ ਐਸਡੀਐਮ ਨੇ ਉਕਤ ਮਾਮਲੇ ਨੂੰ ਲੈ ਕੇ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ।

ਉਨ੍ਹਾਂ ਨੇ ਉਮੀਦ ਜਤਾਈ ਕਿ ਉਕਤ ਘੁਟਾਲੇ ਨੂੰ ਲੈ ਕੇ ਪ੍ਰਸ਼ਾਸਨ ਛੇਤੀ ਹੀ ਸਖ਼ਤ ਕਦਮ ਚੁੱਕ ਕੇ ਘੋਟਾਲੇ ਦਾ ਪਰਦਾਫਾਸ਼ ਕਰੇਗਾ। ਉਨ੍ਹਾਂ ਨੇ ਨਾਲ ਹੀ ਇਹ ਚਿਤਾਵਨੀ ਵੀ ਦਿੱਤੀ ਕਿ ਜੇਕਰ ਪ੍ਰਸ਼ਾਸਨ ਨੇ ਜਾਂਚ ਵਿੱਚ ਕੋਈ ਢਿੱਲ ਕੀਤੀ ਤਾਂ ਫਿਰ ਭਾਰਤੀ ਕਿਸਾਨ ਯੂਨੀਅਨ ਕੋਈ ਵੱਡਾ ਫੈਸਲਾ ਲੈਣ ਲਈ ਮਜਬੂਰ ਹੋ ਸਕਦੀ ਹੈ। ਇਸ ਮੌਕੇ ਕਿੰਦਰ, ਗੁਰਜੰਟ ਟਟਿਆਣਾ, ਗੁਰਬਚਨ ਸਿੰਘ, ਸੁਭਾਸ਼ ਪੂਨੀਆ, ਜਰਨੈਲ ਜੈਲੀ, ਹਰਜਿੰਦਰ ਨੰਬਰਦਾਰ, ਲਖਵਿੰਦਰ ਸਿੰਘ ਰਾਹੁਲ, ਸੁਰਜੀਤ ਸਿੰਘ ਅਤੇ ਹਰਵਿੰਦਰ ਸਿੰਘ ਆਦਿ ਵੀ ਮੌਜੂਦ ਰਹੇ।

## ਮੁਕੰਦ ਲਾਲ ਸਿਵਲ ਹਸਪਤਾਲ 'ਚ ਛਾਪਾ

**ਯਮੁਨਾਨਗਰ, 28 ਜੂਨ**
**-ਪ੍ਰੇਸ ਕੀ ਤਾਕਤ ਬਿਊਰ**

ਮੁੱਖ ਮੰਤਰੀ ਉਡਣ ਦਸਤੇ ਨੇ ਅੱਜ ਸ਼ਹਿਰ ਦੇ ਮੁਕੰਦ ਲਾਲ ਸਿਵਲ ਹਸਪਤਾਲ ਵਿੱਚ ਛਾਪਾ ਮਾਰਿਆ। ਟੀਮ ਨੇ ਨਸ਼ਾਮੁਕਤੀ ਸੁਵਿਧਾ ਕੇਂਦਰ ਅਤੇ ਐਂਬੂਲੈਂਸ ਕੰਟਰੋਲ ਰੂਮ ਦਾ ਨਿਰੀਖਣ ਕੀਤਾ। ਜਾਂਚ ਦੌਰਾਨ ਐਂਬੂਲੈਂਸ ਦੇ ਸੀਸੀਟੀਵੀ ਕੈਮਰੇ ਅਤੇ ਜੀਪੀਐਸ ਬੰਦ ਪਾਏ ਗਏ। ਅੱਜ ਸਵੇਰੇ ਮੁੱਖ ਮੰਤਰੀ ਉਡਣ ਦਸਤੇ ਦੇ ਸਬ-ਇੰਸਪੈਕਟਰ ਸੁਖਵਿੰਦਰ ਸਿੰਘ ਨੇ ਏਐੱਸਆਈ ਬਲਵੰਤ ਸਿੰਘ, ਐੱਚਸੀ ਵਿਜੇਂਦਰ, ਡਿਊਟੀ ਮੈਜਿਸਟਰੇਟ ਖੁਰਾਕ ਤੇ ਸਪਲਾਈ ਵਿਭਾਗ ਦੇ ਇੰਸਪੈਕਟਰ ਰਾਕੇਸ਼ ਕੁਮਾਰ ਅਤੇ ਕਲਰਕ ਰਾਹੁਲ ਦੇ ਨਾਲ ਮੁਕੰਦ ਲਾਲ ਸਿਵਲ ਹਸਪਤਾਲ ਵਿੱਚ ਛਾਪਾ ਮਾਰਿਆ। ਸਭ ਤੋਂ ਪਹਿਲਾਂ ਟੀਮ ਨੇ ਮਰੀਜ਼ਾਂ ਨਾਲ ਗੱਲਬਾਤ ਕੀਤੀ। ਇਸ ਤੋਂ ਬਾਅਦ ਟੀਮ ਨਸ਼ਾਮੁਕਤੀ ਕੇਂਦਰ ਵਿੱਚ ਪਹੁੰਚੀ ਅਤੇ ਇੱਥੇ ਦਾਖਲ ਨਸ਼ੇ ਦੇ ਆਦੀ ਮਰੀਜ਼ਾਂ ਨਾਲ ਗੱਲਬਾਤ ਕੀਤੀ। ਅਧਿਕਾਰੀਆਂ ਨੇ ਐਂਬੂਲੈਂਸ ਕੰਟਰੋਲ ਰੂਮ ਦਾ ਨਿਰੀਖਣ ਕੀਤਾ ਅਤੇ ਇੱਥੇ ਡਾਇਲ 112 ਰਾਹੀਂ ਆਉਣ ਵਾਲੀਆਂ ਕਾਲਾਂ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਮਰੀਜ਼ਾਂ ਨਾਲ ਗੱਲ ਵੀ ਕੀਤੀ, ਜਿਨ੍ਹਾਂ ਨੂੰ ਡਾਇਲ 112 'ਤੇ ਕਾਲ ਕਰਨ 'ਤੇ ਐਂਬੂਲੈਂਸ ਰਾਹੀਂ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਇੱਥੇ ਕੰਮ ਤਸੱਲੀਬਖਸ਼ ਪਾਇਆ ਗਿਆ। ਇਸ ਤੋਂ ਬਾਅਦ ਟੀਮ ਨੇ ਐਂਬੂਲੈਂਸ ਦੀ ਜਾਂਚ ਕੀਤੀ, ਜਿਸ ਵਿੱਚ ਕੁਝ ਖਾਮੀਆਂ ਪਾਈਆਂ ਗਈਆਂ। ਐਂਬੂਲੈਂਸ ਦਾ ਸੀਸੀਟੀਵੀ ਕੈਮਰਾ ਅਤੇ ਜੀਪੀਐਸ ਬੰਦ ਪਾਇਆ ਗਿਆ, ਜਿਸ ਬਾਰੇ ਫਲੀਟ ਮੈਨੇਜਰ ਸਚਿਨ ਨੇ ਦੱਸਿਆ ਕਿ ਇਸ ਸਬੰਧੀ ਸ਼ਿਕਾਇਤ ਮੁੱਖ ਦਫਤਰ ਨੂੰ ਭੇਜ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਪੂਰੇ ਨਿਰੀਖਣ ਦੀ ਰਿਪੋਰਟ ਤਿਆਰ ਕਰ ਲਈ ਗਈ ਹੈ, ਜਿਸ ਨੂੰ ਮੁੱਖ ਦਫਤਰ ਭੇਜ ਦਿੱਤਾ ਜਾਵੇਗਾ।

## ਜ਼ਿਲ੍ਹਾ ਪੁਲੀਸ ਨੇ ਨਸ਼ਾਮੁਕਤ ਪੰਦਰਵਾੜਾ ਮਨਾਇਆ

**ਸ਼ਾਹਬਾਦ ਮਾਰਕੰਡਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਪੁਲੀਸ ਡਾਇਰੈਕਟਰ ਜਨਰਲ ਸ਼ਤਰੂਜੀਤ ਕਪੂਰ ਤੇ ਐਂਟੀ ਨਾਰਕੋਟਿਕਸ ਕੰਟਰੋਲ ਬਿਊਰੋ ਦੇ ਵਧੀਕ ਡਾਇਰੈਕਟਰ ਜਨਰਲ ਓਪੀ ਸਿੰਘ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਪੁਲੀਸ ਨੇ 12 ਤੋਂ 26 ਜੂਨ ਤੱਕ ਨਸ਼ਾਮੁਕਤ 

# ਕਹਾਣੀ

## ਹਾਲਾਤ ਨਾਲ ਸਮਝੌਤਾ

-ਹਰਚੰਦ ਸਿੰਘ ਦਿਲਬਰ

ਕਈ ਵਾਰ ਨਾ ਚਾਹੁੰਦੇ ਹੋਏ ਵੀ ਮਨੁੱਖ ਨੂੰ ਹਾਲਾਤ ਨਾਲ ਸਮਝੌਤਾ ਕਰਨਾ ਪੈਂਦਾ ਹੈ। ਚਾਨਣ ਦੇ ਘਰ ਵਿਚ ਦੋ ਚੰਨ ਵਰਗੇ ਪੁੱਤਰ ਜਿਉਂ-ਜਿਉਂ ਜਵਾਨ ਹੋ ਰਹੇ ਸਨ ਤਿਉਂ-ਤਿਉਂ ਬਾਪੂ ਚਾਨਣ ਨੂੰ ਮਾਣ ਅਤੇ ਸਹਾਰਾ ਮਿਲ ਰਿਹਾ ਸੀ ਕਿ ਬੁਢਾਪੇ ਵਿਚ ਇਹ ਸਪੁੱਤਰ ਉਸਦੇ ਬਿਖਰੇ ਰਾਹਾਂ ਦੀ ਡੰਗੋਰੀ ਬਣਨਗੇ। ਸਰਕਾਰੀ ਨੌਕਰੀ ਵਿਚ ਚੰਗੇ ਮਰਤਬੇ ਵਾਲਾ ਚਾਨਣ ਆਪਣੇ ਪਰਿਵਾਰ ਨੂੰ ਹਰ ਸੁੱਖ ਮੁਹੱਈਆ ਕਰਦਾ ਆ ਰਿਹਾ ਸੀ ਜਿਵੇਂ ਕਹਿੰਦੇ ਨੇ ਕਿ ਚਿੜੀਆਂ ਦੇ ਦੁੱਧ ਵੀ ਜੇਕਰ ਇਸਦੇ ਇਹ ਸਪੁੱਤਰ ਮੰਗਦੇ ਤਾਂ ਚਾਨਣ ਕਦੀ ਢਿੱਲ ਨਹੀਂ ਸੀ ਕਰਦਾ, ਨਾ ਹੀ ਨਾਂਹ ਕਹਿ ਕੇ ਆਪਣੇ ਹੋਣਹਾਰ ਸਾਹਿਬਜ਼ਾਦਿਆਂ ਦਾ ਦਿਲ ਤੋੜਦਾ ਸੀ। ਸਮਾਂ ਕਦੀ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ, ਇਸ ਲਈ ਉਹ ਦਿਨ ਆਣ ਪਹੁੰਚਿਆ ਜਦੋਂ ਚਾਨਣ ਆਪਣੇ ਮਹਿਕਮੇ ਵਿਚੋਂ 40 ਵਰ੍ਹੇ ਦੀ ਇੱਜ਼ਤ ਭਰਪੂਰ ਨੌਕਰੀ ਕਰਕੇ ਅਗਸਤ 1990 ਵਿਚ ਸੇਵਾ ਮੁਕਤ ਹੋ ਗਿਆ। 10,000/- ਰੁਪਏ ਮਹੀਨੇ ਤੋਂ ਵੱਧ ਮਾਸਿਕ ਤਨਖਾਹ ਲੈਣ ਵਾਲਾ ਚਾਨਣ ਅੱਜ ਆਪਣੇ ਆਪ ਨੂੰ ਬੇਰੁਜ਼ਗਾਰ ਸਮਝਣ ਲੱਗਾ ਪਰ ਉਸਨੂੰ ਆਪਣੇ "ਪੁੱਤਰ ਬੈਂਕ" ਤੇ ਬੜਾ ਵੱਡਾ ਮਾਣ ਸੀ ਕਿਉਂਕਿ ਆਪਣੇ ਲਾਡਲਿਆਂ ਪਾਸੋਂ ਉਹ ਬਹੁਤ ਵੱਡੀਆਂ ਉਮੀਦਾਂ ਰੱਖਦਾ ਸੀ ਅਤੇ ਉਹ ਵੀ ਉਸਦੇ ਉਜਲੇ ਭਵਿੱਖ ਦੀਆਂ ਚਮਕਦੀਆਂ ਕਿਰਨਾਂ ਸਨ। ਬਾਪੂ ਦੇ ਸੇਵਾ ਮੁਕਤ ਹੋਣ ਨਾਲ ਪੁੱਤਰਾਂ ਦੇ ਸੁਭਾਅ ਵਿਚ ਪਿਉ ਪ੍ਰਤੀ ਤਲਖ਼ੀ ਆ ਗਈ। ਸਤਿਕਾਰ ਨਫ਼ਰਤ ਵਿਚ ਬਦਲਣ ਲੱਗਾ ਅਤੇ ਪਿਉ ਦੀਆਂ ਆਸਾਂ ਸ਼ੀਸ਼ੇ 'ਤੇ ਪਏ ਤੇਲ ਵਾਂਗ ਧੁੰਦਲੀਆਂ ਹੋਣ ਲੱਗੀਆਂ ਜਿਸ ਪਿਉ ਨੇ ਪੁੱਤਰਾਂ ਦੇ ਇਕ ਇਕ ਹੰਝੂ ਲਈ ਸਾਰਾ ਖੂਨ-ਪਸੀਨਾ ਡੋਲਿਆ ਸੀ ਉਹ ਉਨ੍ਹਾਂ ਹੀ ਪੁੱਤਰਾਂ ਦੀਆਂ ਅੱਖਾਂ ਵਿਚੋਂ ਕਿਰਦੇ ਲੋਹੇ ਦੇ ਅੰਗਾਰ ਜਿਗਰ 'ਤੇ ਪੱਥਰ ਰੱਖ ਕੇ ਪੀਣ ਲੱਗ ਪਿਆ। ਪੈਨਸ਼ਨ ਦੇ ਪੈਸੇ ਚਾਨਣ ਅਤੇ ਉਸਦੀ ਘਰਵਾਲੀ ਘਰ ਵਿਚ ਲਾ ਦਿੰਦੇ ਅਤੇ ਜੋ ਕੁਝ ਚਾਲੀ ਸਾਲਾਂ ਦੀ ਬਚਤ ਦਾ ਬਚਿਆ ਸੀ ਉਹ ਇਹ ਬਜ਼ੁਰਗ ਹੌਲੀ-ਹੌਲੀ ਮੁਕਾਉਣ ਲੱਗ ਪਏ ਕਿਉਂਕਿ ਸ਼ਰੀਕੇ ਕਬੀਲੇ, ਦੋਸਤਾਂ, ਮਿੱਤਰਾਂ ਦੇ ਵਿਆਹਾਂ 'ਤੇ ਸ਼ਗਨ, ਰਸਮੋ ਰਿਵਾਜ਼ਾਂ 'ਤੇ ਖਰਚ ਆਪਣੇ ਅਤੇ ਆਪਣੀ ਘਰਵਾਲੀ ਲਈ ਲੋੜੀਂਦੀਆਂ ਸਹੂਲਤਾਂ ਤੇ ਜੋ ਪੈਸੇ ਲੱਗ ਰਹੇ ਸਨ ਉਹ ਚਾਨਣ ਦੀ ਜੋੜੀ ਹੋਈ ਪੂੰਜੀ ਦੇ ਹੀ ਲਾਏ ਜਾ ਰਹੇ ਸਨ ਜਿਸ ਨਾਲ ਉਸਦਾ ਨਿੱਜੀ ਬੈਂਕ, ਬਕਾਇਆ ਘੱਟਦਾ ਹੀ ਘੱਟਦਾ ਜਾ ਰਿਹਾ ਸੀ। ਇਥੋਂ ਤੱਕ ਕਿ ਪ੍ਰਾਈਵੇਟ ਟੈਲੀਫੋਨ ਦਾ ਬਿੱਲ ਵੀ ਚਾਨਣ ਨਿੱਜੀ ਪੈਸਿਆਂ 'ਚੋਂ ਹੀ ਅਦਾ ਕਰਦਾ ਸੀ। ਪੁੱਤਰਾਂ ਦੇ ਇਸ ਕੋਝੇ ਰਵੱਈਏ ਨੂੰ ਜਿਥੇ ਚਾਨਣ ਨੂੰ ਲਾਚਾਰ ਅਤੇ ਬੇਵਸ ਬਣਾ ਦਿੱਤਾ ਉਥੇ ਉਹ ਆਪਣੇ ਆਪ ਨੂੰ ਸਮਾਜ ਵਿਚ ਨਿਮੋਝੂਣਾ ਅਤੇ ਬੇ-ਸਹਾਰਾ ਮਨੁੱਖ ਸਮਝਣ ਲੱਗਾ। ਕਿਸੇ ਨੂੰ ਕੀ ਦੱਸੇ ਕਿ ਜਿਨ੍ਹਾਂ ਪੁੱਤਰਾਂ ਲਈ ਉਸ ਨੇ ਆਪਣੇ ਸਰਵਿਸ ਕਾਲ ਵਿਚ ਸੁੱਖਾਂ ਭਰਿਆ ਜੀਵਨ ਦੇਣ ਵਿਚ ਕੋਈ ਕਸਰ ਨਹੀਂ ਛੱਡੀ ਸੀ ਉਹੀ ਲਾਡਲੇ ਅੱਜ ਭੁਖੜੇ ਦੇ ਕੰਢਿਆਂ ਵਾਂਗ ਹਮੇਸ਼ਾਂ ਹੀ ਉਸਦੇ ਜੀਵਨ ਵਿਚ ਚੁੱਭਣ ਲੱਗ ਪਏ ਸਨ ਅਤੇ ਆਪ ਧੁੱਪ ਵਿਚ ਬੈਠ ਕੇ ਲਾਡਲਿਆਂ ਨੂੰ ਛਾਵਾਂ ਪ੍ਰਦਾਨ ਕਰਨ ਵਾਲਾ ਚਾਨਣ ਅੱਜ ਉਨ੍ਹਾਂ ਹੀ ਹਮਸਾਇਆ ਪਾਸੋਂ ਛਾਂ ਦੀ ਭੀਖ ਮੰਗਦਾ ਨਜ਼ਰ ਆਉਂਦਾ ਸੀ। ਨਵੀਂ ਜੁੱਤੀ ਲੈਣ ਦਾ ਚਾਅ ਲਾਂਭੇ ਕਰਕੇ ਚਾਨਣ ਨੇ ਪੁਰਾਣੀ ਗੁਰਗਾਬੀ ਨੂੰ ਮੁਰੰਮਤ ਕਰਾਉਣ ਲਈ ਵੱਡੇ ਪੁੱਤਰ ਨੂੰ ਬੇਨਤੀ ਕੀਤੀ ਪਰ ਖਰਵੇ ਉਤਰ ਨੇ ਉਸ ਟੁੱਟੀ ਹੋਈ ਜੁੱਤੀ ਵਾਂਗ ਉਸਦਾ ਦਿਲ ਤੋੜ ਕੇ ਰੱਖ ਦਿੱਤਾ। ਬਾਪੂ ਮੈਂ ਕੱਲ੍ਹ ਹੀ ਨਵੀਆਂ ਕੈਸਟਾਂ ਅਤੇ ਪਰਫੀਊਮ ਦੀ ਸ਼ੀਸ਼ੀ ਤੇ ਪੰਜ ਸੌ ਰੁਪਏ ਖਰਚ ਕਰਕੇ ਆਇਆ ਹਾਂ ਇਸ ਲਈ ਮੈਂ ਤੁਹਾਡੀ ਜੁੱਤੀ ਤੇ ਇਕ ਪੈਸਾ ਵੀ ਖਰਚ ਨਹੀਂ ਕਰ ਸਕਦਾ। ਬਦਕਿਸਮਤ ਚਾਨਣ ਨੇ ਇਕ ਵਾਰ ਆਪਣੇ ਛੋਟੇ ਪੁੱਤਰ ਦਾ ਸਤਿਕਾਰ ਵੀ ਪਰਖਣਾ ਚਾਹਿਆ ਕਿਤੇ ਉਸਦੇ ਮਨ ਵਿਚ ਭੁਲੇਖਾ ਹੀ ਨਾ ਰਹਿ ਜਾਵੇ ਕਿ ਉਹ ਉਸਦਾ ਛੋਟਾ ਲਾਡਲਾ ਬਾਪੂ ਦਾ ਆਗਿਆਕਾਰੀ ਅਤੇ ਸਵਰਨ ਪੁੱਤਰ ਸੀ। ਇਸ ਆਦੇਸ਼ ਨੂੰ ਸਾਹਮਣੇ ਰੱਖ ਕੇ ਅੱਜ ਚਾਨਣ ਨੇ ਛੋਟੇ ਸਾਹਿਬਜ਼ਾਦੇ ਨੂੰ ਠਰੰਮੇ ਨਾਲ ਪਾਸ ਬੁਲਾਇਆ ਅਤੇ ਕਿਹਾ ਕਿ ਕਾਕਾ ਮੇਰਾ ਜੀਅ ਕਰਦੈ ਕਿ ਅੰਮ੍ਰਿਤਸਰ ਇਸ਼ਨਾਨ ਕਰਕੇ ਆਵਾਂ ਅਤੇ ਨਾਲ ਤੇਰੀ ਮਾਂ ਨੂੰ ਵੀ ਲੈ ਕੇ ਜਾਵਾਂ। ਸੁੱਖ ਨਾਲ ਤੈਨੂੰ ਚੰਗੀ ਤਨਖਾਹ ਮਿਲਦੀ ਹੈ ਨਾਲੇ ਬਹੁਤਾ ਖਰਚ ਨਹੀਂ ਇਸ ਲਈ ਮੈਂ ਚਾਹੁੰਦਾ ਹਾਂ ਕਿ ਤੂੰ ਸਾਡੇ ਨਾਲ ਚਲੋਂ ਇਸ ਨਾਲ ਸਾਡਾ ਜੀਅ ਰਾਜ਼ੀ ਹੋ ਜਾਵੇਗਾ। "ਨਾਲੇ ਪੁੰਨ ਨਾਲੇ ਫਲੀਆਂ।" ਆਪਾਂ ਸਾਰੇ ਯਾਤਰਾ ਕਰ ਆਵਾਂਗੇ ਅਤੇ ਆਉਂਦੇ ਹੋਏ ਕੁਝ ਇਤਿਹਾਸਕ ਕਿਤਾਬਾਂ ਅਤੇ ਘਰ ਲਈ ਪਾਪੜ, ਬੜੀਆਂ ਵੀ ਖ੍ਰੀਦ ਲਿਆਵਾਂਗੇ। ਚਾਨਣ ਦਾ ਭਰਮ ਸ਼ੀਸ਼ੇ ਵਾਂਗ ਚਕਨਾਚੂਰ ਹੋ ਗਿਆ ਜਦੋਂ ਛੋਟੇ ਸਪੁੱਤਰ ਨੇ ਤਲਖ਼ੀ ਭਰੇ ਲਹਿਜੇ ਵਿਚ ਕਿਹਾ ਬਾਪੂ ਕੀ ਲੈਣਾ ਤੂੰ ਇਸ ਉਮਰ ਵਿਚ ਸਫ਼ਰ ਕਰਕੇ, ਘਰ ਨਹੀਂ ਬੈਠ ਹੁੰਦਾ ਨਾਲੇ ਮੈਂ ਕੱਲ੍ਹ ਚੰਡੀਗੜ੍ਹ ਫੈਸ਼ਨ ਸ਼ੋਅ ਦੇਖਣ ਜਾਣਾ ਹੈ। ਜਿਸਦਾ ਟਿਕਟ ਇਕ ਹਜ਼ਾਰ ਰੁਪਈਆ ਹੈ।



ਇਸ ਲਈ ਮੈਂ ਤੇਰੀ ਯਾਤਰਾ ਲਈ ਨਾ ਹੀ ਸਮਾਂ ਕੱਢ ਸਕਦਾ ਹਾਂ ਅਤੇ ਨਾ ਹੀ ਪੈਸੇ। ਪਿਆਰ ਦੀ ਇਮਾਰਤ ਵਿਚ ਤਰੇੜਾਂ ਆ ਗਈਆਂ। ਲਾਡ ਦੇ ਦੁੱਧ ਵਿਚ ਜ਼ਹਿਰ ਘੁਲ ਗਿਆ ਅਤੇ ਉਹ ਇੱਦਾਂ ਫੱਟ ਗਿਆ ਕਿ ਨਾ ਦੁੱਧ ਰਿਹਾ ਤੇ ਨਾ ਦਹੀਂ। ਬੱਚਿਆਂ ਦੀ ਹਰ ਮੰਗ ਪੂਰੀ ਕਰਨ ਵਾਲਾ ਵਿਚਾਰਾ ਚਾਨਣ ਅੱਜ ਕੱਖੋਂ ਹੌਲਾ ਹੋ ਗਿਆ। ਉਸਦੀ ਘਰਵਾਲੀ ਜੋ ਉਸ ਨਾਲੋਂ ਦੁਨੀਆਂ ਨੂੰ ਜ਼ਿਆਦਾ ਜਾਣਦੀ ਸੀ ਚਾਨਣ ਨੂੰ ਸਮਝਾਉਣ ਲੱਗੀ, "ਸਰਦਾਰ ਜੀ ਸੁੱਖ ਕਿਸਮਤ ਨਾਲ ਮਿਲਦੇ ਹਨ, ਸਾਰੇ ਸਰਵਨ ਪੁੱਤਰ ਨਹੀਂ ਜੰਮਦੇ। ਇਨ੍ਹਾਂ ਅੱਜ ਦੇ ਭੁਲੜ ਗੱਭਰੂਆਂ ਪਾਸੋਂ ਰਹਿਮ ਦੀ ਭੀਖ ਮੰਗਣੀ ਕੋਈ ਬਹੁਤੀ ਸਿਆਣਪ ਨਹੀਂ ਅਤੇ ਨਾ ਹੀ ਇਸਦੀ ਉਮੀਦ ਇਸ ਪੀੜ੍ਹੀ ਪਾਸੋਂ ਰੱਖਣੀ ਚਾਹੀਦੀ ਹੈ। ਜੇ ਯਾਤਰਾ ਹੀ ਕਰਨੀ ਹੈ ਮੇਰੇ ਪਾਸ ਸੋਨੇ ਦੀਆਂ ਚੂੜੀਆਂ ਹਨ ਵੇਚ ਕੇ ਬਾਬੇ ਦੇ ਦਰਸ਼ਨ ਕਰ ਆਉਂਦੇ ਹਾਂ। ਉਹ ਹਾਲੇ ਗੱਲਾਂ ਹੀ ਕਰ ਰਹੇ ਸਨ ਕਿ ਇਕ ਕਾਲਾ ਨਾਗ ਸੱਪ ਕਮਰੇ ਵਿਚੋਂ ਬਾਹਰ ਵੱਲ ਭੱਜਿਆ। ਚਾਨਣ ਅਤੇ ਉਸਦੀ ਘਰਾਵਲੀ ਤੂਬਕੇ ਅਤੇ ਸੋਟੀ ਲੈ ਕੇ ਚਾਨਣ ਉਸ ਵੱਲ ਵਧਿਆ ਪਰ ਅਚਨਚੇਤ ਕੀ ਵੇਖਦਾ ਹੈ ਕਿ ਇਕ ਸਪਨੀ ਅਤੇ ਉਸਦੇ ਪਿਛੇ ਦੋ ਛੋਟੇ ਸੱਪ ਦੇ ਬੱਚੇ ਭੱਜੇ ਜਾ ਰਹੇ ਸਨ। ਉਨ੍ਹਾਂ ਬੱਚਿਆਂ ਵਿਚੋਂ ਆਪਣੀ ਮਮਤਾ ਦੀ ਪਛੜਾਈ ਵੇਖਦਾ ਚਾਨਣ ਖਲੋ ਗਿਆ। ਕੱਪੜੇ ਨਾਲ ਉਹ ਸੱਪ ਦੇ ਬੱਚੇ ਫੜ ਕੇ ਉਸਨੂੰ ਇਕ ਕੁੰਜੇ ਵਿਚ ਪਾ ਲਏ ਅਤੇ ਦੋ ਵੇਲੇ ਉਨ੍ਹਾਂ ਨੂੰ ਦੁੱਧ ਪਿਲਾਉਣ ਲੱਗਾ। ਇਸ ਦੇ ਦੋਨਾਂ ਸਾਹਿਬਜ਼ਾਦਿਆਂ ਵਾਂਗ ਉਹ ਜਵਾਨ ਹੋਣ ਲੱਗੇ ਅਤੇ ਹੌਲੀ-ਹੌਲੀ ਵੱਡੇ ਸੱਪ ਬਣ ਖਲੋਤੇ। ਇਕ ਦਿਨ ਚਾਨਣ ਬਹੁਤ ਗਮਗੀਨ ਹੋ ਗਿਆ ਅਤੇ ਪੁੱਤਰਾਂ ਦੇ ਵਰਤਾਉ ਤੋਂ ਤੰਗ ਆ ਕੇ ਉਸਨੇ ਸੱਪਾਂ ਨੂੰ ਦੁੱਧ ਪਿਲਾਉਣ ਵੇਲੇ ਜੋ ਕਟੋਰਾ ਰੱਸੀ ਨਾਲ ਉਸ ਕੁੰਜੇ ਵਿਚ ਰੱਖਣਾ ਸੀ ਉਹ ਆਪਣੇ ਹੱਥ ਨਾਲ ਕੁਜੇ ਵਿਚ ਰੱਖਣ ਲੱਗਾ। ਤੇ ਦੋਵਾਂ ਸੱਪ ਦੇ ਬੱਚਿਆਂ ਨੇ ਜੋ ਹੁਣ ਪੂਰਨ ਸੱਪ ਬਣ ਚੁੱਕੇ ਸਨ ਉਸਦੇ ਹੱਥ 'ਤੇ ਡੰਗ ਮਾਰ ਦਿੱਤਾ।

ਵਿਚਾਰਾ ਚਾਨਣ ਜ਼ਮੀਨ 'ਤੇ ਤੜਫਣ ਲੱਗਾ। ਗੁਆਂਢੀ ਚੁੱਕ ਕੇ ਉਸ ਨੂੰ ਨੇੜੇ ਦੇ ਹਸਪਤਾਲ ਲੈ ਗਏ। ਇਲਾਜ ਕਾਰਗਰ ਹੋਇਆ ਅਤੇ ਚਾਨਣ ਬਚ ਗਿਆ। ਹਸਪਤਾਲ ਤੋਂ ਛੁੱਟੀ ਮਿਲ ਗਈ ਅਤੇ ਲੋਕੀਂ ਚਾਨਣ ਨੂੰ ਘਰ ਲੈ ਆਏ। ਘਰ ਆ ਕੇ ਸਭ ਤੋਂ ਪਹਿਲਾਂ ਚਾਨਣ ਨੇ ਦੁੱਧ ਦਾ ਕਟੋਰਾ ਭਰਿਆ ਅਤੇ ਮਟਕੇ ਨੂੰ ਰੱਸੀ ਬੰਨ੍ਹ ਕੇ ਉਨ੍ਹਾਂ ਸੱਪਾਂ ਦੇ ਬੱਚਿਆਂ ਦੇ ਕੁੱਜੇ ਵਿਚ ਲਮਕਾ ਦਿੱਤਾ ਅਤੇ ਬੜੇ ਠਰੰਮੇ ਨਾਲ ਦੁੱਧ ਪੀਂਦੇ ਸੱਪਾਂ ਦੇ ਬੱਚਿਆਂ ਵੱਲ ਬਿਟਰ ਬਿਟਰ ਤੱਕਦਾ ਰਿਹਾ ਅਤੇ ਉਨ੍ਹਾਂ ਵਿਚੋਂ ਆਪਣੇ ਲਾਡਲੇ ਪੁੱਤਰਾਂ ਦੀ ਤਸਵੀਰ ਵੇਖ ਕੇ ਉਸਨੇ ਹਾਲਾਤ ਨਾਲ ਸਮਝੌਤਾ ਕਰ ਲੈਣ ਦਾ ਮਨ ਬਣਾ ਲਿਆ।

# ਮੈਂ ਹਾਲੇ ਜੰਮਿਆ ਨਹੀਂ

ਸੁਣਨ ਵਿਚ ਕਿੰਨਾ ਅਜੀਬ ਲੱਗਦਾ ਹੈ ਕਿ ਲਿਖਣ ਵਾਲਾ ਕਹਿ ਰਿਹਾ ਹੋਵੇ, ਮੈਂ ਹਾਲੇ ਜੰਮਿਆ ਨਹੀਂ, ਪਰ ਹੈ ਬਿਲਕੁਲ ਸੱਚ, ਨਿਰੋਲ ਸੱਚ ਤੇ ਇਸ ਗੱਲ ਦਾ ਅਹਿਸਾਸ ਮੈਨੂੰ ਉਦੋਂ ਹੋਇਆ ਜਦੋਂ ਦੁਨੀਆਂ ਵਿਚ ਆਏ ਨੂੰ ਵੀ 22ਵਾਂ ਵਰ੍ਹਾ ਲੱਗ ਚੁੱਕਾ ਹੈ। ਇਹ ਤਾਂ ਭਲਾ ਹੋਵੇ ਸਰਕਾਰੀ ਮਹਿਕਮੇ ਵਾਲਿਆਂ ਦਾ ਨਹੀਂ ਤਾਂ ਮੈਂ ਸਾਰੀ ਉਮਰ ਹੀ ਗਲਤ ਫਹਿਮੀ ਵਿਚ ਕੱਟ ਦੇਣੀ ਸੀ। ਹੋਇਆ ਇਉਂ ਕਿ ਪਿੱਛੇ ਜਿਹੇ ਇਕ ਮਹਿਕਮੇ ਵਿਚ ਕਰਮਚਾਰੀਆਂ ਦੀ ਭਰਤੀ ਲਈ ਕੁਝ ਪੋਸਟਾਂ ਨਿਕਲੀਆਂ ਸਨ। ਇਸ਼ਤਿਹਾਰ ਵਿਚ ਲਿਖਿਆ ਹੋਇਆ ਸੀ ਕਿ ਉਮੀਦਵਾਰਾਂ ਨੂੰ ਜਨਮ ਦੇ ਅਸਲੀ ਸਰਟੀਫਿਕੇਟ ਦੀ ਕਾਪੀ ਅਰਜ਼ੀ ਨਾਲ ਭੇਜਣੀ ਹੋਵੇਗੀ, ਮੈਟ੍ਰਿਕ ਦੇ ਸਰਟੀਫਿਕੇਟ 'ਤੇ ਲਿਖੀ ਜਨਮ ਮਿਤੀ ਨੂੰ ਨਹੀਂ ਮੰਨਿਆ ਜਾਵੇਗਾ। ਚਲੋ ਜੀ, ਸਰਕਾਰੀ ਆਦੇਸ਼ਾਂ 'ਤੇ ਕਾਹਦੀ ਬਹਿਸ ਜੋ ਲਿਖ ਦਿੱਤਾ, ਸੱਤ ਬਚਨ। ਸੋ ਮੈਂ ਵੀ ਪਹੁੰਚ ਗਿਆ ਸਿਵਲ ਸਰਜਨ ਦੇ ਦਫਤਰ ਜਨਮ ਸਰਟੀਫਿਕੇਟ ਲੈਣ ਲਈ ਮੇਰੇ ਜੰਮਣ ਦਾ ਸਬੂਤ..ਫਾਰਮ ਭਰ ਕੇ ਵੀਹ ਰੁਪਏ ਫੀਸ ਨਾਲ ਕਲਰਕ ਨੂੰ ਫਾਰਮ ਸੌਂਪ ਕੇ ਖੁਸ਼ੀ-ਖੁਸ਼ੀ ਘਰ ਆ ਗਿਆ।

ਏਨੀ ਖੁਸ਼ੀ ਤਾਂ ਮੇਰੇ ਜੰਮਨ 'ਤੇ ਮੇਰੇ ਬਾਪੂ ਨੂੰ ਨਹੀਂ ਹੋਈ ਹੋਵੇਗੀ, ਜਿੰਨੀ ਅੱਜ ਮੈਨੂੰ ਹੋ ਰਹੀ ਸੀ ਕਿ ਚਲੋ ਮੇਰੇ ਜੰਮਣ ਦਾ ਸਬੂਤ ਤਾਂ ਮਿਲ ਜਾਏਗਾ। ਦਿੱਤੀ ਹੋਈ ਤਰੀਕ 'ਤੇ ਮੈਂ ਕਲਰਕ ਕੋਲ ਪਹੁੰਚ ਗਿਆ। ਸਰਟੀਫਿਕੇਟ ਪ੍ਰਾਪਤ ਕਰਨ ਲਈ ਉਸ ਨੂੰ ਰਸੀਦ ਦਿੱਤੀ। ਆਪਣੇ ਰਜਿਸਟਰ 'ਤੇ ਕੁਝ ਦੇਰ ਦੇਖਣ ਤੋਂ ਬਾਅਦ ਉਸ ਨੇ ਮੈਨੂੰ ਕਿਹਾ ਕਿ ਅਸੀਂ ਤੁਹਾਡੇ ਜਨਮ ਸਰਟੀਫਿਕੇਟ ਜਾਰੀ ਨਹੀਂ ਕਰ ਸਕਦੇ। ਤੁਹਾਡਾ ਨਾਂ ਤਾਂ ਪਿੰਡ ਦੇ ਚੌਕੀਦਾਰ ਦੇ ਰਜਿਸਟਰ ਵਿਚ ਦਰਜ ਹੀ ਨਹੀਂ। ਮੇਰੀ ਸਾਰੀ ਖੁਸ਼ੀ ਹਵਾ ਦੇ ਬੁੱਲੇ ਦੀ ਤਰ੍ਹਾਂ ਜਾਂਦੀ ਰਹੀ। ਮੈਂ ਪ੍ਰੇਸ਼ਾਨ ਹੋ ਕੇ ਉਸ ਨੂੰ ਕਿਹਾ ਕਿ ਇਹ ਕਿਵੇਂ ਹੋ ਸਕਦਾ ਹੈ ਜੀ ਤੁਸੀਂ ਇਕਵਾਰ ਫਿਰ ਦੇਖੋ ਸ਼ਾਇਦ ਕੋਈ ਭੁਲੇਖਾ ਲੱਗਾ ਹੋਵੇਗਾ। ਸਾਨੂੰ ਕੁਝ ਨਹੀਂ ਪਤਾ, ਆਪਣੇ ਚੌਕੀਦਾਰ ਨੂੰ ਜਾ ਕੇ ਪੁੱਛੋ, ਕਲਰਕ ਨੇ ਰੋਅਬ ਨਾਲ ਕਿਹਾ। ਗੁੱਸੇ ਦਾ ਕੀ ਏ ਗੁੱਸਾ ਤਾਂ ਕਿਸੇ ਨੂੰ ਵੀ ਚੜ੍ਹ ਸਕਦਾ ਏ, ਮੇਰਾ ਟੈਂਪਰੇਚਰ ਵੀ ਹਾਈ ਹੋ ਗਿਆ ਤੇ ਮੈਂ ਵੀ ਉਸੇ ਦੀ ਜ਼ਬਾਨ ਵਿਚ ਬੋਲਣ ਲੱਗਾ, 'ਚੌਕੀਦਾਰ ਤਾਂ ਕਦੋਂ ਦਾ ਧੁਰ ਦੀ ਟਿਕਟ ਕਟਾ ਕੇ ਗੱਡੀ ਚੜ੍ਹ ਗਿਆ, ਹੁਣ ਉਹਨੂੰ ਪੁੱਛਣ ਉਪਰ ਜਾਵਾਂ? ਹੁਣ ਕਲਰਕ ਮੇਰੇ ਗੁੱਸੇ ਨੂੰ ਭਾਂਪ ਕੇ ਥੋੜ੍ਹਾ ਨਰਮੀ ਨਾਲ ਗੱਲ ਕਰਨ ਲੱਗਾ। ਇਸ ਦਾ ਵੀ ਹੱਲ ਹੈ, ਤੁਸੀਂ ਇਕ ਫਾਈਲ ਬਣਾਓ। ਉਸ ਉੱਤੇ ਜਦੋਂ ਤੁਹਾਡੇ ਜਨਮ ਹੋਇਆ ਉਦੋਂ ਦੀ ਪੰਚਾਇਤ ਦੇ ਸਰਪੰਚ, ਪਿੰਡ ਦੇ ਨੰਬਰਦਾਰ ਤੇ ਪੰਚਾਇਤ ਸੈਕਟਰੀ ਦੇ ਸਾਈਨ ਕਰਵਾ ਕੇ ਲਿਆਓ, ਨਾਲ ਦਾਈ ਦਾ ਸਰਟੀਫਿਕੇਟ ਲਾਓ ਫਿਰ ਅਸੀਂ ਤੁਹਾਡਾ ਜਨਮ ਸਰਟੀਫਿਕੇਟ ਜਾਰੀ ਕਰ ਸਕਾਂਗੇ। ਕੁਝ ਰਾਹਤ ਮਹਿਸੂਸ ਹੋਈ। ਫਾਈਲ ਬਣਵਾ ਕੇ ਮੈਂ ਸਿੱਧਾ ਦਾਈ ਦੇ ਸਾਈਨ ਕਰਵਾਉਣ ਗਿਆ। ਦਾਈ ਦੇ ਅੱਖਰ ਜੋੜ-ਜੋੜ ਕੇ ਕੀਤੇ ਸਾਈਨ ਅੱਜ ਮੈਨੂੰ ਕਿਸੇ ਗਜ਼ਟਿਡ ਅਫਸਰ ਦੇ ਸਾਈਨ ਲੱਗ ਰਹੇ ਸਨ। ਪੰਚਾਇਤ ਸੈਕਟਰੀ ਤੇ ਨੰਬਰਦਾਰ ਦੇ ਸਾਈਨ ਵੀ ਹੋ ਗਏ ਪਰ ਉਸ ਵੇਲੇ ਦੇ ਸਰਪੰਚ ਵੀ ਕਦੋਂ ਦਾ ਗੱਡੀ ਚੜ੍ਹ ਚੁੱਕਾ ਸੀ। ਮੈਂ ਦੁਬਾਰਾ ਫਾਈਲ ਲੈ ਕੇ ਦਫਤਰ ਪਹੁੰਚ ਗਿਆ। ਹੁਣ ਤਾਂ ਕਲਰਕ ਸਮੇਤ ਦਫਤਰ ਦੇ ਬਾਕੀ ਕਰਮਚਾਰੀ ਵੀ ਮੇਰੀ ਸ਼ਕਲ ਪਛਾਣ ਚੁੱਕੇ ਸਨ ਤੇ ਮੈਨੂੰ ਵੇਖਦੇ ਸਾਰੇ ਮਿੰਨਾ-ਮਿੰਨਾ ਹਾਸਾ ਹੱਸਣ ਲੱਗਦੇ ਸਨ। ਸ਼ਾਇਦ ਉਹ ਆਪਣੇ ਮਹਿਕਮੇ ਉੱਤੇ ਹੱਸਦੇ ਹੋਣਗੇ ਕਿ ਉਨ੍ਹਾਂ ਦੇ ਮਹਿਕਮੇ ਨੇ ਚੰਗੇ-ਭਲੇ ਜਵਾਨ ਬੰਦੇ ਨੂੰ ਜੰਮਣ ਲਈ 'ਹੋਲਡ' ਰੱਖਿਆ ਹੋਇਆ ਹੈ। ਕਲਰਕ ਸਰਪੰਚ ਦੇ ਸਾਈਨ ਨਾਲ ਹੋਏ ਵੇਖ ਕੇ ਫਿਰ ਭੜਕ ਪਿਆ, ਉਏ ਤੂੰ ਫਿਰ ਅਧੂਰੀ ਫਾਈਲ ਲੈ ਆਇਆ, ਸਰਪੰਚ ਦੇ ਸਾਈਨ ਕਿੱਥੇ ਨੇ? ਮੈਂ ਕਿਹਾ ਜੀ ਉਦੋਂ ਦਾ ਸਰਪੰਚ ਤਾਂ ਪਰਲੋਕ ਸਿਧਾਰ ਚੁੱਕਾ ਹੈ। ਬਾਕੀ ਸਭ ਤੇ ਸਾਈਨ ਫਾਈਲ 'ਤੇ ਮੌਜੂਦ ਨੇ, ਤੁਸੀਂ ਉਨ੍ਹਾਂ ਨੂੰ ਵੇਖ ਕੇ ਸਰਟੀਫਿਕੇਟ ਬਣਾ ਦਿਓ। ਅਸੀਂ ਕੁਝ ਨਹੀਂ ਕਰ ਸਕਦੇ, ਇੰਨਾ ਆਖ ਕੇ ਉਹ ਆਪਣੇ ਕੰਮ ਕਰਨ ਲੱਗਾ। ਮੈਂ ਫਿਰ ਵਾਪਸ ਆ ਗਿਆ। ਫਾਈਲ ਪਾੜ ਕੇ ਮੈਂ ਆਪਣੇ ਦਿਲ ਨੂੰ ਪੁੱਛਣ ਲੱਗਾ, 'ਮੈਂ ਅਜੇ ਨਹੀਂ ਜੰਮਿਆ...ਸ਼ਾਇਦ ਨਹੀਂ...।'

ਜਸਮਨੀਤ ਸਿੰਘ ਸੈਣੀ

## ਵਿਅੰਗ

# ਮਿੰਨੀ ਕਹਾਣੀਆਂ

## ਕਮਲੇ ਲੋਕ

ਪਿੰਡ ਵਿਚ ਦੋਵੇਂ ਪਾਰਟੀਆਂ ਦੇ ਸਮੱਰਥਕਾਂ ਵਿਚ ਵੋਟਾਂ ਨੂੰ ਲੈ ਕੇ ਜੰਮ ਕੇ ਲੜਾਈ ਹੋਈ। ਕਈਆਂ ਦੇ ਸਿਰ ਪਾਟੇ। ਪੁਲਿਸ ਕੇਸ ਬਣੇ ਲੋਕਾਂ ਦੀ ਵੀ ਇਕ ਦੂਜੇ ਨ

# ਨਰਮੇ ਦੀ ਫਸਲ ਨੂੰ ਕੀੜਿਆਂ ਦੇ ਹਮਲੇ ਤੋਂ ਬਚਾਉਣ ਲਈ ਨਿਰੰਤਰ ਨਿਰੀਖਣ ਅਤੇ ਨਿਗਰਾਨੀ ਕਰਨ ਦੀ ਜ਼ਰੂਰਤ: ਮੁੱਖ ਖੇਤੀਬਾੜੀ ਅਫ਼ਸਰ

## ਨਰਮੇ ਦੀ ਫਸਲ ਉਪਰ ਕੀੜਿਆਂ ਦੀ ਰੋਕਥਾਮ ਲਈ ਸਰਵੇ ਅਤੇ ਨਿਗਰਾਨੀ ਕਰਨ ਸਬੰਧੀ ਇਨ ਸਰਵਿਸ ਟਰੇਨਿੰਗ ਦਾ ਆਯੋਜਨ

**ਫਰੀਦਕੋਟ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਲ 2023-24 ਦੌਰਾਨ ਜ਼ਿਲਾ ਫ਼ਰੀਦਕੋਟ ਵਿੱਚ ਨਰਮੇ ਦੀ ਫਸਲ ਵਿੱਚ ਗੁਲਾਬੀ ਸੁੰਡੀ ਅਤੇ ਕੁਝ ਮੌਸਮੀ ਸਮੱਸਿਆਵਾਂ ਵੇਖਣ ਵਿੱਚ ਆਈਆਂ, ਨਤੀਜੇ ਵਜੋਂ ਨਰਮੇ ਦੀ ਫਸਲ ਦਾ ਝਾੜ ਘਟਣ ਕਾਰਨ ਇਸ ਵਾਰ ਨਰਮੇ ਹੇਠ ਰਕਬੇ ਵਿੱਚ ਗਿਰਾਵਟ ਆਈ ਹੈ । ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਿਯੋਗ ਨਾਲ ਖੇਤੀਬਾੜੀ ਅਧਿਕਾਰੀ ਕਰਮਚਾਰੀਆਂ ਲਈ ਨਰਮੇ ਦੀ ਫਸਲ ਵਿੱਚ ਕੀੜਿਆਂ ਦੇ ਸਰਵੇ ਅਤੇ ਨਿਗਰਾਨ ਕਰਨ ਸਬੰਧੀ ਇਕ ਦਿਨਾ ਵਿਸ਼ੇਸ਼ ਕੈਂਪ ਲਗਾਇਆ ਗਿਆ ,ਜਿਸ ਦੀ ਪ੍ਰਧਾਨਗੀ ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਨੇ ਕੀਤੀ ।

ਇੱਕ ਰੋਜ਼ਾ ਇਨ ਸਰਵਿਸ ਟਰੇਨਿੰਗ ਕਮ ਵਰਕਸ਼ਾਪ ਨਰਮੇ ਦੀ ਫਸਲ ਉੱਪਰ ਕੀਟ ਪ੍ਰਬੰਧਨ ਅਤੇ ਸਰਵੇਖਣ ਸਬੰਧੀ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਕ੍ਰਿਸ਼ੀ ਵਿਗਿਆਨ ਕੇਂਦਰ ਫਰੀਦਕੋਟ ਦੇ ਸਹਿਯੋਗ ਨਾਲ ਲਗਾਈ ਗਈ। ਇਕ ਰੋਜ਼ਾ ਸਿਖਲਾਈ ਪ੍ਰੋਗਰਾਮ ਵਿੱਚ ਹੋਰਨਾਂ ਤੋਂ ਇਲਾਵਾ ਇਸ ਟਰੇਨਿੰਗ ਕੈਂਪ ਦੌਰਾਨ ਡਾ. ਗੁਰਪ੍ਰੀਤ ਸਿੰਘ ਬਲਾਕ ਖੇਤੀਬਾੜੀ ਅਫਸਰ ਕੋਟਕਪੂਰਾ ,ਡਾ ਅਮਨਦੀਪ ਕੇਸ਼ਵ ਪ੍ਰੋਜੈਕਟ ਡਾਇਰੈਕਟਰ ਆਤਮਾ ਆਦਿ ਹਾਜ਼ਰ ਸਨ। ਇਸ ਇਨ ਸਰਵਿਸ ਟ੍ਰੇਨਿੰਗ ਮੁੱਖ ਮਕਸਦ ਖ਼ੇਤੀਬਾੜੀ ਅਧਿਕਾਰੀ/ਕਰਮਚਾਰੀਆਂ ਨੂੰ ਤਕਨੀਕੀ ਤੌਰ ਤੇ ਹੋਰ ਮਜ਼ਬੂਤ ਕਰਨਾ ਸੀ ਤਾਂ ਜੋ ਕਿਸਾਨਾਂ ਨੂੰ ਨਰਮੇ ਦੀ ਸਫਲਤਾ ਪੂਰਵਕ ਕਾਸ਼ਤ ਕਰਨ ਲਈ ਸਹੀ ਅਗਵਾਈ ਦਿੱਤੀ ਜਾ ਸਕੇ।

ਇਸ ਟਰੇਨਿੰਗ ਦੌਰਾਨ ਹਾਜ਼ਰ ਵਿਭਾਗੀ ਅਧਿਕਾਰੀਆਂ ਨੂੰ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫਸਰ ਫਰੀਦਕੋਟ ਨੇ ਦੱਸਿਆ ਕਿ ਨਰਮੇ ਦੀ ਫਸਲ ਉੱਪਰ ਵੱਖ-ਵੱਖ ਕੀੜਿਆਂ ਅਤੇ ਕਈ ਬਿਮਾਰੀਆਂ ਦਾ ਹਮਲਾ ਹੁੰਦਾ ਹੈ ਜਿਸ ਪ੍ਰਤੀ ਕਿਸਾਨਾਂ ਨੂੰ ਸਮੇਂ ਉੱਪਰ ਸੁਚੇਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਮੇਂ ਉੱਪਰ ਕੀਟ ਸਰਵੇਖਣ ਹੁੰਦਾ ਰਹੇ ਤਾਂ ਕਿਸਾਨ ਨਰਮੇ ਦੀ ਫਸਲ ਤੋਂ ਵਧੇਰੇ ਮੁਨਾਫਾ ਵੱਟ ਸਕਦੇ ਹਨ । ਉਨਾਂ ਕਿਹਾ ਕਿ ਪਿਛਲੇ ਸਾਲ ਨਾਲੋਂ ਨਰਮੇ ਦੀ ਫ਼ਸਲ ਹੇਠ ਰਕਬਾ ਭਾਵੇਂ ਘੱਟ ਹੈ ਪਰ ਹੁਣ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਨਰਮੇ ਦੀ ਫਸਲ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਨਰਮਾ ਕਾਸ਼ਤਕਾਰਾਂ ਦੀ ਯੋਗ ਅਗਵਾਈ ਕੀਤੀ ਜਾਵੇ ਤਾਂ ਜੋਂ ਨਰਮਾ ਉਤਪਾਦਕਾਂ ਵਿਚ ਮੁੜ ਵਿਸ਼ਵਾਸ਼ ਬਹਾਲ ਹੋ ਸਕੇ ਅਤੇ ਅਗਲੇ ਸਾਲ ਝੋਨੇ ਦੀ ਫ਼ਸਲ ਹੇਠੋਂ ਰਕਬਾ ਕਢ ਕੇ ਨਰਮੇ ਹੇਠ ਰਕਬਾ ਵਧਾਇਆ ਜਾ ਸਕੇ।

ਉਨਾਂ ਨਰਮਾ ਉਤਪਾਦਕਾਂ ਨੂੰ ਅਪੀਲ ਕੀਤੀ ਕਿ ਨਰਮੇ ਦੀ ਫਸਲ ਉੱਪਰ ਕੀੜਿਆਂ ਦੀ ਰੋਕਥਾਮ ਲਈ ਗੈਰ ਸਿਫਾਰਸ਼ਸ਼ੁਦਾ ਕੀਟਨਾਸ਼ਕਾਂ ਦੀ ਵਰਤੋਂ ਨਾ ਕੀਤੀ ਜਾਵੇ।

ਅਸਿਸਟੈਂਟ ਪ੍ਰੋਫੈਸਰ ਕ੍ਰਿਸ਼ੀ ਵਿਗਿਆਨ ਕੇਂਦਰ ਡਾ. ਕਮਲਦੀਪ ਸਿੰਘ ਮਠਾੜੂ ਨੇ ਭਾਗ ਲੈਣ ਵਾਲੇ ਅਧਿਕਾਰੀਆਂ ਨੂੰ ਕੀਟ ਸਰਵੇਖਣ ਕਰਦੇ ਸਮੇਂ ਕਿਹੜੇ ਨੁਕਤੇ ਧਿਆਨ ਵਿੱਚ ਰੱਖਣੇ ਹਨ, ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਨਰਮੇ ਦੀ ਫਸਲ ਉੱਪਰ ਇਸ ਵਕਤ ਚਿੱਟੀ ਮੱਖੀ ਹਮਲਾ ਸਕਦੀ ਹੈ ਕਿਉਂਕਿ ਮੂੰਗੀ ਦੀ ਕਟਾਈ ਤੋਂ ਬਾਅਦ ਚਿੱਟੀ ਮੱਖੀ ਨਰਮੇ ਦੀ ਫ਼ਸਲ ਉੱਪਰ ਜਾ ਸਕਦੀ ਹੈ ਇਸ ਲਈ ਕਿਸਾਨਾਂ ਨੂੰ ਵਧੇਰੇ ਚੌਕਸ ਕਰਨਾ ਪਵੇਗਾ ।

ਇਸ ਦੌਰਾਨ ਹਾਜ਼ਰ ਅਧਿਕਾਰੀਆਂ ਨੂੰ ਪ੍ਰੈਕਟੀਕਲ ਕਰਵਾਉਣ ਹਿੱਤ ਖੇਤ ਵਿੱਚ ਨਰਮੇ ਦੀ ਫਸਲ ਉੱਪਰ ਕੀਟ ਸਰਵੇਖਣ ਵੀ ਕਰਵਾਇਆ ਗਿਆ। ਖੇਤ ਵਿੱਚ ਲੱਗੇ ਕੀਟ ਟਰੈਪ ਦੀ ਜਾਂਚ ਵੀ ਕੀਤੀ ਗਈ। ਅਮਨ ਕੇਸ਼ਵ ਨੇ ਦੱਸਿਆ ਕਿ ਅਗਲੇ ਹਫਤੇ ਤੋਂ ਕਰੇਕ ਨਰਮਾ ਉਤਪਾਦਕਾਂ ਦੀ ਨਰਮੇ ਦੀ ਫਸਲ ਵਿਚ ਫੀਰੋਮਨ ਟ੍ਰੈਪ ਲਗਾ ਦਿੱਤੇ ਜਾਣਗੇ ਤਾਂ ਜੋਂ ਗੁਲਾਬੀ ਸੁੰਡੀ ਦੇ ਹਮਲੇ ਬਾਰੇ ਅਗਾਂਹ ਜਾਣਕਾਰੀ ਮਿਲ ਸਕੇ।

# ਬੇਰੁਜ਼ਗਾਰ ਹੈਲਥ ਵਰਕਰਾਂ ਦਾ ਸੰਘਰਸ਼ 30 ਨੂੰ ਸਿਹਤ ਮੰਤਰੀ ਦੀ ਕੋਠੀ ਦਾ ਘਿਰਾਓ

**ਪਟਿਆਲਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਵਿਭਾਗ ਵਿੱਚ ਮਲਟੀ ਪਰਪਜ਼ ਹੈਲਥ ਵਰਕਰਾਂ ਦੀਆਂ ਸਾਰੀਆਂ ਖਾਲੀ ਅਸਾਮੀਆਂ ਭਰਨ ਦੀ ਮੰਗ ਕਰਦੇ ਬੇਰੁਜ਼ਗਾਰ ਮਲਟੀ ਪਰਪਜ਼ ਵਰਕਰਾਂ ਨੇ 1 ਜੁਲਾਈ ਨੂੰ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਦੀ ਕੋਠੀ ਦੀ ਸਥਾਨਕ ਕੋਠੀ ਦੇ ਘਿਰਾਓ ਦਾ ਐਲਾਨ ਕੀਤਾ ਹੈ।ਯੂਨੀਅਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਨੇ ਸਿਹਤ ਅਤੇ ਸਿੱਖਿਆ ਵਿਭਾਗ ਵਿੱਚ ਵਿਸ਼ੇਸ਼ ਸੁਧਾਰਾਂ ਦਾ ਦਾਅਵਾ ਕੀਤਾ ਸੀ।ਪ੍ਰੰਤੂ ਕਰੀਬ ਸਵਾ ਦੋ ਸਾਲ ਦੇ ਅਰਸੇ ਵਿਚ ਸਿਹਤ ਵਿਭਾਗ ਅੰਦਰ ਹੈਲਥ ਵਰਕਰ ਪੁਰਸ਼ ਦੀ ਇਕ ਵੀ ਅਸਾਮੀ ਨਹੀਂ ਭਰੀ। ਜਦਕਿ ਵਿਭਾਗ ਵਿੱਚ ਹਜ਼ਾਰਾਂ ਅਸਾਮੀਆਂ ਖਾਲੀ ਪਈਆਂ ਹਨ।ਉੱਧਰ ਹੈਲਥ ਵਰਕਰ ਦਾ ਕੋਰਸ ਸਾਲ 2012 ਤੋਂ ਬੰਦ ਪਿਆ ਹੈ ਅਤੇ ਪਹਿਲਾਂ ਕੋਰਸ ਪਾਸ ਕਰ ਚੁੱਕੇ ਹਜਾਰਾਂ ਸਿੱਖਾਂ ਬੇਰੁਜ਼ਗਾਰ ਲਗਾਤਾਰ ਓਵਰ ਏਜ਼ ਹੋ ਰਹੇ ਹਨ।ਉਹਨਾਂ ਦੱਸਿਆ ਕਿ ਬੇਰੁਜ਼ਗਾਰਾਂ ਨੇ 17 ਮਾਰਚ ਅਤੇ 21 ਅਪ੍ਰੈਲ ਨੂੰ ਸਿਹਤ ਮੰਤਰੀ ਦੀ ਕੋਠੀ ਦਾ ਘਿਰਾਓ ਕੀਤਾ ਸੀ।ਉਸ ਮੌਕੇ ਸਿਹਤ ਮੰਤਰੀ ਨੇ ਜਲਦੀ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਸੀ।

ਪ੍ਰੰਤੂ ਅਜੇ ਤੱਕ ਕੋਈ ਵੀ ਮੀਟਿੰਗ ਨਹੀਂ ਕੀਤੀ ਅਤੇ ਨਾ ਹੀ ਕੋਈ ਇਸ਼ਤਿਹਾਰ ਜਾਰੀ ਕੀਤਾ ਹੈ।ਇਸ ਲਈ ਪੰਜਾਬ ਸਰਕਾਰ ਦੀ ਟਾਲ ਮਟੋਲ ਵਾਲੀ ਨੀਤੀ ਤੋ ਅੱਕੇ ਬੇਰੁਜ਼ਗਾਰ ਹੈਲਥ ਵਰਕਰ 1 ਜੁਲਾਈ ਨੂੰ ਸਵੇਰੇ 11 ਵਜੇ ਸਥਾਨਕ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਿਖੇ ਇਕੱਠੇ ਹੋਕੇ ਸਿਹਤ ਮੰਤਰੀ ਦੀ ਕੋਠੀ ਦਾ ਘਿਰਾਓ ਕਰਨਗੇ। ਇਸ ਮੌਕੇ ਹਰਵਿੰਦਰ ਸਿੰਘ ਬੂਹੀ,ਹਰਕੀਰਤ ਸਿੰਘ, ਨਾਹਰ ਸਿੰਘ,ਨਵਦੀਪ ਰੋਮਾਣਾ,ਮਨਪ੍ਰੀਤ ਭੁੱਚੋ ,ਰਾਜ ਸੰਗਤੀਵਾਲ,ਰੁਪਿੰਦਰ ਸੁਨਾਮ ਆਦਿ ਹਾਜ਼ਰ ਸਨ।

# ਸਮੂਹ ਇਨਸਾਫ਼ਪਸੰਦ ਤਾਕਤਾਂ ਕਾਲੇ ਕਾਨੂੰਨਾਂ ਨੂੰ ਰੋਕਣ ਲਈ ਅੱਗੇ ਆਉਣ : ਪੰਜਾਬ ਜਮਹੂਰੀ ਮੋਰਚਾ

**ਪਟਿਆਲਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਜਮਹੂਰੀ ਮੋਰਚੇ ਨੇ ਭਾਜਪਾ ਸਰਕਾਰ ਦੇ ਇਸ ਦਾਅਵੇ ਨੂੰ ਰੱਦ ਕੀਤਾ ਹੈ ਕਿ ਪਿਛਲੇ ਸਾਲ ਪਾਸ ਕੀਤੇ ਭਾਰਤੀ ਨਿਆਏ ਸੰਹਿਤਾ, ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ ਅਤੇ ਭਾਰਤੀ ਸਾਕਸ਼ੀਆ ਅਧਿਨਿਯਮ ਸੰਵਿਧਾਨਕ ਹੱਕਾਂ ਦੀ ਰਾਖੀ ਕਰਨ ਅਤੇ ਨਿਆਂ ਦੇਣ ਲਈ ਲਿਆਂਦੇ ਗਏ ਹਨ। ਇਹਨਾਂ ਕਾਨੂੰਨਾਂ ਨੂੰ ਸਰਕਾਰ ਦਾ ਵਿਰੋਧ ਕਰਨ ਵਾਲੀਆਂ ਲੋਕ ਪੱਖੀ ਆਵਾਜ਼ਾਂ ਬੰਦ ਕਰਵਾਉਣ ਲਈ ਭਾਰਤ ਵਿੱਚ ਨੰਗਾ ਚਿੱਟਾ ਪੁਲਿਸ ਰਾਜ ਥੋਪਣ ਲਈ ਲਿਆਉਣ ਦਾ ਦੋਸ਼ ਲਗਾਉਂਦਿਆਂ ਮੋਰਚੇ ਦੇ ਸੂਬਾ ਕਨਵੀਨਰ ਜੁਗਰਾਜ ਸਿੰਘ ਟੱਲੇਵਾਲ ਨੇ ਕਿਹਾ ਪਿਛਲੇ ਸਾਲ ਪਾਰਲੀਮੈਂਟ ਦੇ ਸਰਦ-ਰੁੱਤ ਸੈਸ਼ਨ ਵਿਚ ਬਿਨਾਂ ਬਹਿਸ ਕਰਾਏ ਪਾਸ ਕੀਤੇ ਇਹ ਕਾਨੂੰਨ ਪਹਿਲੀ ਜੁਲਾਈ ਤੋਂ ਭਾਰਤੀ ਦੰਡ ਸੰਹਿਤਾ (ਆਈਪੀਸੀ), ਭਾਰਤੀ ਫ਼ੌਜਦਾਰੀ ਸੰਹਿਤਾ (ਸੀਆਰਪੀਸੀ) ਅਤੇ ਭਾਰਤੀ ਗਵਾਹੀ ਐਕਟ (ਆਈਈਏ) ਦੀ ਜਗ੍ਹਾ ਲੈ ਲੈਣਗੇ। ਆਗੂ ਨੇ ਕਿਹਾ ਕਿ ਮੋਦੀ ਸਰਕਾਰ ਦਾ ਕਾਨੂੰਨੀ ਰੱਦੋਬਦਲ ਦਾ ਬਹਾਨਾ ਹੋਰ ਹੈ ਪਰ ਨਿਸ਼ਾਨਾ ਹੋਰ ਹੈ। ਬਹਾਨਾ ਤਾਂ ਇਹ ਬਣਾਇਆ ਗਿਆ ਹੈ ਕਿ ਇਹ ਨਵੀਂ ਕਾਨੂੰਨੀ ਵਿਵਸਥਾ ਅੰਗਰੇਜ਼ਾਂ ਦੇ ਜ਼ਮਾਨੇ ਦੇ ਕਾਨੂੰਨਾਂ ਦੀ ਵਿਰਾਸਤ ਨੂੰ ਖ਼ਤਮ ਕਰਨ ਲਈ ਹੈ।ਪਰ ਭਾਜਪਾ ਸਰਕਾਰ ਦਾ ਇਹ ਦਾਅਵਾ ਪੂਰੀ ਤਰ੍ਹਾਂ ਝੂਠ ਹੈ ਕਿਉਂਕਿ ਇਨ੍ਹਾਂ ਦਾ 83% ਦੇ ਲੱਗਭੱਗ ਟੈਕਸਟ ਪੁਰਾਣੇ ਕਾਨੂੰਨਾਂ ਵਾਲਾ ਹੀ ਹੋਣ ਕਾਰਨ ਇਹ ਨਾ ਤਾਂ ਬਸਤੀਵਾਦੀ ਕਾਨੂੰਨਾਂ ਦੀ ਵਿਰਾਸਤ ਨੂੰ ਤਿਆਗਦੇ ਹਨ ਅਤੇ ਨਾ ਹੀ ਨਿਆਂ ਦੇ ਤਕਾਜ਼ੇ ਅਨੁਸਾਰ ਇਨ੍ਹਾਂ ਦੀ ਤਾਸੀਰ ਮਜ਼ਲੂਮਾਂ ਪੱਖੀ ਤੇ ਜਮਹੂਰੀ ਹੈ। ਸਗੋਂ ਇਹ ਕਾਨੂੰਨ ਅੰਗਰੇਜ਼ ਸਰਕਾਰ ਵਲੋਂ ਪਾਸ ਕੀਤੇ ਰੋਲਟ ਐਕਟ ਵਾਂਗੂੰ ਸਟੇਟ ਦੇ ਹੱਥ 'ਚ ਹੋਰ ਤਾਨਾਸ਼ਾਹ ਤਾਕਤਾਂ ਦੇ ਕੇ ਇਸ ਨੂੰ ਪੁਲਿਸ ਸਟੇਟ 'ਚ ਬਦਲਣ, ਕਾਨੂੰਨੀ ਢਾਂਚੇ ਨੂੰ ਹੋਰ ਜਾਬਰ ਬਣਾਉਣ ਅਤੇ ਪਹਿਲਾਂ ਹੀ ਦਰੜੇ ਤੇ ਹਾਸ਼ੀਏ 'ਤੇ ਧੱਕੇ ਲੋਕਾਂ ਨੂੰ ਅਧਿਕਾਰੀ ਵਿਹੂਣੀ ਬੇਵੱਸ ਪਰਜਾ 'ਚ ਬਦਲਣ ਲਈ ਘੜੇ ਗਏ ਹਨ। ਇਹਨਾਂ ਕਾਨੂੰਨਾਂ ਰਾਹੀਂ ਸੰਵਿਧਾਨਕ ਹੱਕਾਂ ਨੂੰ ਖੋਖਲਾ ਬਣਾ ਕੇ ਜਮਹੂਰੀ ਹੱਕਾਂ ਦਾ ਗਲਾ ਘੁੱਟਣ ਅਤੇ ਸਰਕਾਰ ਦੇ ਹੱਕੀ, ਵਾਜਬ ਤੇ ਜਮਹੂਰੀ ਵਿਰੋਧ ਨੂੰ ਅਪਰਾਧ ਦਾ ਦਰਜਾ ਦੇਣ ਦੀ ਵਿਵਸਥਾ ਕੀਤੀ ਗਈ ਹੈ। ਦਹਿਸ਼ਤਵਾਦ ਦੀ ਪ੍ਰੀਭਾਸ਼ਾ ਸਮੇਤ ਕਾਲੇ ਕਾਨੂੰਨ ਯੂ ਏ ਪੀ ਏ ਦੇ ਹਿੱਸਿਆਂ ਨੂੰ ਨਵੇਂ ਕਾਨੂੰਨਾਂ ਵਿਚ ਘੁਸੇੜਨਾ, ਹਕੂਮਤ ਨੂੰ ਕਿਸੇ ਨੂੰ ਵੀ ਦਹਿਸ਼ਤਗਰਦ ਅਤੇ ਰਾਸ਼ਟਰ-ਵਿਰੋਧੀ ਕਰਾਰ ਦੇ ਕੇ ਨਜ਼ਰਬੰਦ ਕਰਨ, ਗ੍ਰਿਫ਼ਤਾਰ ਕਰਨ, ਮੁਕੱਦਮਾ ਚਲਾ ਕੇ ਮਨਮਾਨੀ ਸਜ਼ਾ ਦੇਣ ਦੇ ਬੇਲਗਾਮ ਅਧਿਕਾਰ ਦੇਣਾ, ਹਿਰਾਸਤ ਦਾ ਸਮਾਂ ਵਧਾਉਣਾ, ਜਿਨਸੀ ਹਿੰਸਾ ਰੋਕਣ ਦੇ ਬਹਾਨੇ ਮੌਤ ਦੀ ਸਜ਼ਾ ਦਾ ਦਾਇਰਾ ਵਧਾਉਣਾ, ਐਮਰਜੈਂਸੀ ਹਾਲਾਤਾਂ ਦੇ ਨਾਂ ਹੇਠ ਵਿਸ਼ੇਸ਼ ਤਾਕਤਾਂ ਨੂੰ ਆਮ ਬਣਾਉਣਾ, ਬਿਨਾਂ ਜਨਤਕ ਬਹਿਸ ਕਰਾਏ ਪਾਰਲੀਮੈਂਟ ਵਿਚ ਬਹੁਗਿਣਤੀ ਦੇ ਜ਼ੋਰ ਇਹ ਕਾਨੂੰਨ ਪਾਸ ਕਰਨਾ ਦਰਸਾਉਂਦਾ ਹੈ ਕਿ ਮੋਦੀ ਸਰਕਾਰ ਦੇ ਮਨਸ਼ੇ ਇਨ੍ਹਾਂ ਕਾਨੂੰਨਾਂ ਨੂੰ ਜ਼ਰੀਆ ਬਣਾ ਕੇ ਵੱਧ ਤੋਂ ਵੱਧ ਤਾਨਾਸ਼ਾਹ ਤਾਕਤਾਂ ਹਥਿਆਉਣ ਅਤੇ ਹਕੂਮਤ ਵਿਰੋਧੀ ਆਵਾਜ਼ਾਂ ਨੂੰ ਕੁਚਲਣ ਦੇ ਹਨ। ਪੰਜਾਬ ਜਮਹੂਰੀ ਮੋਰਚੇ ਨੇ ਸਮੂਹ ਇਨਸਾਫ਼ਪਸੰਦ ਅਤੇ ਜਮਹੂਰੀ ਹੱਕਾਂ ਨਾਲ ਸਰੋਕਾਰ ਰੱਖਣ ਵਾਲੀਆਂ ਤਾਕਤਾਂ ਨੂੰ ਇਨ੍ਹਾਂ ਕਾਨੂੰਨਾਂ ਦੀਆਂ ਕਾਪੀਆਂ ਸਾੜ ਕੇ ਵਿਰੋਧ ਦਰਜ ਕਰਾਉਣ ਅਤੇ ਇਹਨਾਂ ਕਾਨੂੰਨਾਂ ਰਾਹੀਂ ਭਾਰਤ ਸਰਕਾਰ ਦੇ ਐਲਾਨੀਆਂ ਐਮਰਜੈਂਸੀ ਲਗਾਉਣ ਦੇ ਮਨਸੂਬਿਆਂ ਨੂੰ ਰੋਕਣ ਲਈ ਵਿਆਪਕ ਲੋਕ ਅੰਦੋਲਨ ਖੜ੍ਹਾ ਕਰਨ ਦੀ ਪੁਰਜ਼ੋਰ ਅਪੀਲ ਕੀਤੀ ਹੈ।

# ਮੰਦਿਰ ਸ੍ਰੀ ਕੇਦਾਰ ਨਾਥ ਵਿਖੇ ਸੁਕੇਸ਼ ਗੁਪਤਾ ਦੇ 72ਵੇਂ ਜਨਮ ਦਿਨ ਮੌਕੇ ਬੂਟੇ ਲਗਾਏ

**ਪਟਿਆਲਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੰਦਿਰ ਸ੍ਰੀ ਕੇਦਾਰ ਨਾਥ ਵਿਖੇ ਸੁਕੇਸ਼ ਗੁਪਤਾ ਜੀ ਦਾ 72ਵਾਂ ਜਨਮ ਦਿਨ ਸੀ ਇਸ ਮੌਕੇ ਉਹਨਾਂ ਨੇ ਪਰਿਵਾਰ ਸਮੇਤ ਪਹੁੰਚ ਕੇ ਮੰਦਿਰ ਸ੍ਰੀ ਕੇਦਾਰ ਨਾਥ ਵਿਖੇ ਮੱਥਾ ਟੇਕਿਆ ਇਸ ਉਪਰੰਤ ਮੰਦਿਰ ਵਿਖੇ ਬੂਟੇ ਲਗਾਏ ਗਏ। ਇਸ ਮੌਕੇ ਉਹਨਾਂ ਵੱਲੋਂ 9 ਬੂਟੇ ਜਿਵੇਂ ਬਰੋਟਾ, ਨਿੰਮ, ਪਿੱਪਲ ਆਦਿ ਦੇ ਆਕਸੀਜਨ ਵਾਲੇ ਬੂਟੇ ਲਗਾਏ। ਇਸ ਮੌਕੇ ਉਹਨਾਂ ਵੱਲੋਂ ਮੰਦਿਰ ਵਿਖੇ ਪਹੁੰਚੇ ਸਾਰੇ ਬੱਚਿਆਂ ਨੂੰ ਚੋਕਲੇਟਾਂ, ਚਿਪਸ ਅਤੇ ਦੁੱਧ ਸ਼ਰਬਤ ਦੀ ਛਬੀਲ ਵਰਤਾਈ ਗਈ। ਉਹਨਾਂ ਨੇ ਮੰਦਿਰ ਵਿਖੇ ਲਗਾਏ ਛੋਟੇ ਝੂਲਿਆਂ ਦੀ ਸ਼ਲਾਘਾ ਕਰਦਿਆ ਕਿਹਾ ਕਿ ਇਹ ਜ਼ੋ ਕਦਮ ਸੁਧਾਰ ਸਭਾ ਵੱਲੋਂ ਉਠਾਇਆ ਗਿਆ ਹੈ ਇਹ ਬਹੁਤ ਸ਼ਲਾਘਾਯੋਗ ਕਦਮ ਹੈ ਇਸ ਨਾਲ ਬੱਚਿਆਂ ਵਿੱਚ ਉਤਸ਼ਾਹ ਵਧਦਾ ਹੈ ਅਤੇ ਬੱਚੇ ਰੋਜਾਨਾਂ ਹੀ ਮੰਦਿਰ ਆਉਂਦੇ ਹਨ ਅਤੇ ਪਾਠ ਪੁਜਾ ਕਰਕੇ ਉਸ ਉਪਰੰਤ ਝੂਲੇ ਲੈ ਕੇ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ। ਇਸ ਨਾਲ ਬੱਚੇ ਬਹੁਤ ਖੁਸ਼ੀ ਮਹਿਸੂਸ ਕਰਦੇ ਹਨ ਅਤੇ ਦੁਆਵਾ ਦਿੰਦੇ ਹਨ। ਇਸ ਮੌਕੇ ਸੁਧਾਰ ਸਭਾ ਵਲੋਂ ਕਿਹਾ ਗਿਆ ਕਿ ਜਦੋਂ ਕਿ ਕਿਸੇ ਦਾ ਜਨਮ ਦਿਨ ਜਾਂ ਸਾਲਗਿਰਾ ਹੋਵੇ ਉਹ ਖਾਲੀ ਜਗ੍ਹਾਂ ਤੇ ਬੂਟੇ ਲਗਾਉਣ ਅਤੇ ਵਾਤਾਵਰਨ ਸ਼ੁੱਧ ਬਣਾਉਣ।

# ਜ਼ਿਲ੍ਹੇ ਵਿੱਚ ਫਲੱਡ ਕੰਟਰੋਲ ਰੂਮ ਸਥਾਪਿਤ

**ਸ੍ਰੀ ਮੁਕਤਸਰ ਸਾਹਿਬ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਹਰਪ੍ਰੀਤ ਸਿੰਘ ਸੂਦਨ ਆਈਏਐਸ ਨੇ ਦੱਸਿਆ ਹੈ ਕਿ ਮਾਨਸੂਨ ਸੀਜਨ 2024 ਦੇ ਮੱਦੇ ਨਜ਼ਰ ਅਗੇਤੇ ਹੜ ਰੋਕੂ ਪ੍ਰਬੰਧਾਂ ਦੀ ਲੜੀ ਤਹਿਤ ਜ਼ਿਲ੍ਹੇ ਵਿੱਚ ਫਲੱਡ ਕੰਟਰੋਲ ਰੂਮ ਸਥਾਪਿਤ ਕਰ ਦਿੱਤੇ ਗਏ ਹਨ।

ਸ੍ਰੀ ਮੁਕਤਸਰ ਸਾਹਿਬ ਵਿਖੇ ਜਿੱਥੇ ਜਿ ?ਲ੍ਹਾ ਪੱਧਰੀ ਫਲੱਡ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ,ਉੱਥੇ ਹੀ ਮਲੋਟ ਅਤੇ ਗਿੱਦੜਬਹਾ ਵਿਖੇ ਸਬ ਡਿਵੀਜ਼ਨ ਪੱਧਰ ਦੇ ਫਲੱਡ ਕੰਟਰੋਲ ਰੂਮ ਸਥਾਪਿਤ ਕੀਤੇ ਗਏ ਹਨ।

ਉਨਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਫਲੱਡ ਕੰਟਰੋਲ ਰੂਮ ਦਾ ਨੰਬਰ 01633-260341 ਹੈ। ਇਸ ਤੋਂ ਬਿਨਾਂ ਮਲੋਟ ਵਿਖੇ ਸਥਾਪਿਤ ਫਲੱਡ ਕੰਟਰੋਲ ਰੂਮ ਦਾ ਨੰਬਰ 01637-261072 ਅਤੇ ਗਿੱਦੜਬਾਹਾ ਵਿਖੇ ਸਥਾਪਿਤ ਹੜ੍ਹ ਕੰਟਰੋਲ ਰੂਮ ਦਾ ਨੰਬਰ 01637-231931 ਹੈ ।

ਜ਼ਿਲ੍ਹਾ ਵਾਸੀ ਹੜਾਂ ਸਬੰਧੀ ਕੋਈ ਵੀ ਜ

# ਜਲੰਧਰ ਲੋਕ ਸਭਾ ਚੋਣ ਲੜਨ ਵਾਲੇ ਉਮੀਦਵਾਰਾਂ ਦੇ ਖਰਚਾ ਰਜਿਸਟਰਾਂ ਦਾ ਸ਼ੈਡੋ ਰਜਿਸਟਰਾਂ ਨਾਲ ਅੰਤਿਮ ਮਿਲਾਨ

**ਏਜੰਸੀਆਂ**

ਜਲੰਧਰ 1 ਜੁਲਾਈ। ਜਲੰਧਰ ਲੋਕ ਸਭਾ ਚੋਣ ਲੜਨ ਵਾਲੇ ਉਮੀਦਵਾਰਾਂ ਦੇ ਖਰਚਾ ਰਜਿਸਟਰਾਂ ਦਾ ਅੱਜ ਖਰਚਾ ਟੀਮਾਂ ਵੱਲੋਂ ਮੈਨਟੇਨ ਕੀਤੇ ਗਏ ਸ਼ੈਡੋ ਰਜਿਸਟਰਾਂ ਨਾਲ ਅੰਤਿਮ ਮਿਲਾਨ ਕੀਤਾ ਗਿਆ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ

ਅਕਾਊਂਟ ਰੀਕਨਸਾਈਲੇਸ਼ਨ ਮੀਟਿੰਗ ਦੌਰਾਨ ਖਰਚਾ ਆਬਜ਼ਰਵਰ ਮਾਧਵ ਦੇਸ਼ਮੁੱਖ ਨੇ ਖਰਚੇ ਸਬੰਧੀ ਨੋਡਲ ਅਫਸਰ ਅਮਰਜੀਤ ਬੈਂਸ ਸਮੇਤ ਉਮੀਦਵਾਰਾਂ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਉਨ੍ਹਾਂ ਵੱਲੋਂ ਆਪਣੇ ਚੋਣ ਖਰਚੇ ਦਾ ਮੁਕੰਮਲ ਅਤੇ ਸਹੀ ਢੰਗ ਨਾਲ ਜ਼ਿਕਰ ਅਤੇ ਹਿਸਾਬ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਮੂਹ ਉਮੀਦਵਾਰ ਖਰਚਾ ਰਜਿਸਟਰ ਵਿੱਚ ਆਪੋ-ਆਪਣੇ ਚੋਣ ਖਰਚੇ ਦਾ ਪੂਰਾ ਹਿਸਾਬ ਸਮੇਤ ਲੋੜੀਂਦੇ ਦਸਤਾਵੇਜ਼ ਚੋਣ ਨਤੀਜੇ ਦੇ ਐਲਾਨ ਤੋਂ 30 ਦਿਨਾਂ ਦੇ ਅੰਦਰ-ਅੰਦਰ (4 ਜੁਲਾਈ ਤੱਕ) ਜ਼ਿਲ੍ਹਾ ਚੋਣ ਅਫਸਰ ਪਾਸ ਜਮ੍ਹਾ ਕਰਵਾਉਣ ਲਈ ਪਾਬੰਦ ਹਨ। ਉਨ੍ਹਾਂ ਸਾਰੇ ਉਮੀਦਵਾਰਾਂ ਨੂੰ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਆਪਣੇ ਚੋਣ ਖਰਚੇ ਦਾ ਮੁਕੰਮਲ ਤੇ ਦਰੁੱਸਤ ਲੇਖਾ-ਜੋਖਾ ਨਿਰਧਾਰਤ ਮਿਤੀ ਤੱਕ ਨਿਯਮਾਂ ਅਨੁਸਾਰ ਜਮ੍ਹਾ ਕਰਾਉਣ ਲਈ ਕਿਹਾ। ਮੀਟਿੰਗ ਦੌਰਾਨ ਖਰਚਾ ਨਿਗਰਾਨ ਟੀਮਾਂ ਵੱਲੋਂ ਖਰਚਾ ਆਬਜ਼ਰਵਰ ਦੀ ਅਗਵਾਈ ਹੇਠ ਉਮੀਦਵਾਰਾਂ ਦੇ ਖਰਚਾ ਰਜਿਸਟਰਾਂ ਦੀ ਤੁਲਨਾ ਖਰਚਾ ਟੀਮਾਂ ਵੱਲੋਂ ਮੇਨਟੇਨ ਕੀਤੇ ਗਏ ਸ਼ੈਡੋ ਰਜਿਸਟਰਾਂ ਨਾਲ ਕੀਤੀ ਗਈ। ਜ਼ਿਕਰਯੋਗ ਹੈ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ ਲਈ ਇਕ ਉਮੀਦਵਾਰ ਵੱਲੋਂ ਚੋਣ ਖਰਚੇ ਦੀ ਵੱਧ ਤੋਂ ਵੱਧ ਹੱਦ 95 ਲੱਖ ਰੁਪਏ ਤੈਅ ਕੀਤੀ ਗਈ ਸੀ। ਚੋਣ ਖਰਚੇ ਵਿੱਚ ਉਮੀਦਵਾਰਾਂ ਵੱਲੋਂ ਨਾਮਜਦਗੀ ਭਰਨ ਦੀ ਮਿਤੀ ਤੋਂ ਲੈ ਕੇ ਵੋਟਾਂ ਦੀ ਗਿਣਤੀ ਵਾਲੇ ਦਿਨ ਤੱਕ ਕੀਤਾ ਗਿਆ ਚੋਣ ਖਰਚ ਸ਼ਾਮਲ ਹੈ। ਇਸ ਮੌਕੇ ਚੋਣ ਕਾਨੂੰਨਗੋ ਰਾਕੇਸ਼ ਕੁਮਾਰ, ਸਹਾਇਕ ਖਰਚਾ ਨਿਗਰਾਨ, ਖਰਚਾ ਟੀਮਾਂ ਦੇ ਮੈਂਬਰ ਆਦਿ ਵੀ ਮੌਜੂਦ ਸਨ।

# ਕਿਸਾਨ ਅੰਦੋਲਨ ਨੂੰ ਲੈ ਕੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਵੱਡਾ ਬਿਆਨ

**ਸਰਦੂਲ ਸਿੰਘ**

ਜੈਤੋ 1 ਜੁਲਾਈ। ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਐੱਸ.ਕੇ.ਐੱਮ. (ਗੈਰ-ਰਾਜਨੀਤਕ) ਨੇ ਬੰਗਲੁਰੂ ਦੇ ਪ੍ਰੈੱਸ ਕਲੱਬ ਵਿਚ ਪ੍ਰੈੱਸ ਕਾਨਫਰੰਸ ਕੀਤੀ। ਕਰਨਾਟਕ ਤੋਂ ਕਿਸਾਨ ਆਗੂ ਕੁਰਬਰੂ ਸਾਂਤਾਕੁਮਾਰ, ਪੰਜਾਬ ਤੋਂ ਜਗਜੀਤ ਸਿੰਘ ਡੱਲੇਵਾਲ, ਸੁਖਜੀਤ ਸਿੰਘ, ਹਰਸੁਲਿੰਦਰ ਸਿੰਘ, ਹਰਿਆਣਾ ਤੋਂ ਅਭਿਮਨਿਊ ਕੋਹਾੜ, ਲਖਵਿੰਦਰ ਸਿੰਘ ਔਲਖ, ਜਫਰ ਖਾਨ, ਤਾਮਿਲਨਾਡੂ ਤੋਂ ਪੀ.ਆਰ. ਪੰਡਯਾਨ, ਕੇਰਲਾ ਤੋਂ ਕੇ.ਵੀ. ਬੀਜੂ ਆਦਿ ਕਿਸਾਨ ਆਗੂ ਇਸ ਪ੍ਰੈੱਸ ਕਾਨਫਰੰਸ ਵਿੱਚ ਮੌਜੂਦ ਸਨ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦੇ ਕਾਨੂੰਨ ਦੀ ਮੰਗ ਨੂੰ ਲੈ ਕੇ ਕਿਸਾਨ ਅੰਦੋਲਨ-2, 13 ਫਰਵਰੀ ਤੋਂ ਸ਼ੰਭੂ, ਖਨੌਰੀ, ਡੱਬਵਾਲੀ ਅਤੇ ਰਤਨਪੁਰਾ ਦੇ ਬਾਰਡਰਾਂ 'ਤੇ ਚੱਲ ਰਿਹਾ ਹੈ। ਹਜਾਰਾਂ ਕਿਸਾਨ 135 ਦਿਨਾਂ ਤੋਂ ਵੱਧ ਸਮੇਂ ਦੇ ਸੜਕਾਂ ਉੱਪਰ ਮਜਬੂਰੀ ਨਾਲ ਅੰਦੋਲਨ ਲੜ ਰਹੇ ਹਨ। ਉਨ੍ਹਾਂ ਅੱਗੇ ਗੱਲਬਾਤ ਕਰਦਿਆਂ ਕਿਹਾ ਕਿ ਇਹ ਅੰਦੋਲਨ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਕੇਂਦਰ ਸਰਕਾਰ ਸਾਡੀਆਂ ਮੰਗਾਂ ਨੂੰ ਪੂਰਾ ਨਹੀਂ ਕਰਦੀ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਕਿਸਾਨ ਭਾਈਚਾਰੇ ਦੇ ਗੁੱਸੇ ਕਾਰਨ ਪੋਂਡੂ ਖੇਤਰ ਵਿਚ 2019 ਦੀਆਂ ਚੋਣਾਂ ਦੇ ਮੁਕਾਬਲੇ ਭਾਜਪਾ ਸਰਕਾਰ ਨੇ ਇਸ ਵਾਰ ਚੋਣਾਂ ਵਿਚ 71 ਤੋਂ ਵੱਧ ਲੋਕ ਸਭਾ ਸੀਟਾਂ ਗੁਆ ਦਿੱਤੀਆਂ ਹਨ ਅਤੇ ਜੇਕਰ ਭਾਜਪਾ ਦੀ ਅਗਵਾਈ ਵਾਲੀ ਐੱਨ.ਡੀ.ਏ. ਸਰਕਾਰ ਨੇ ਆਪਣੀਆਂ ਕਿਸਾਨ ਵਿਰੋਧੀ ਨੀਤੀਆਂ ਨੂੰ ਨਾ ਬਦਲਿਆ ਤਾਂ ਭਾਜਪਾ ਨੂੰ ਕਿਸਾਨਾਂ ਦੇ ਹੋਰ ਵੀ ਸਖਤ ਰੋਸ ਦਾ ਸਾਹਮਣਾ ਕਰਨਾ ਪਵੇਗਾ। ਹਰਿਆਣਾ,

ਮਹਾਰਾਸਟਰ ਸਮੇਤ ਦੇਸ਼ ਭਰ ਦੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਾਲੇ ਸਾਰੇ ਰਾਜਾਂ ਵਿਚ ਭਾਜਪਾ ਪ੍ਰਤੀ ਕਿਸਾਨਾਂ ਵਿਚ ਭਾਰੀ ਰੋਸ ਹੈ। ਕੁਰਬਰੂ ਸਾਂਤਾਕੁਮਾਰ ਨੇ ਕਿਹਾ ਕਿ 8 ਜੁਲਾਈ ਨੂੰ ਐੱਸ.ਕੇ.ਐਮ. (ਗੈਰ-ਰਾਜਨੀਤਕ) ਅਤੇ ਕਿਸਾਨ ਮਜਦੂਰ ਮੋਰਚੇ ਵੱਲੋਂ ਭਾਜਪਾ ਦੇ 240 ਸੰਸਦ ਮੈਂਬਰਾਂ ਨੂੰ ਛੱਡ ਕੇ ਬਾਕੀ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਸਾਰੇ ਸੰਸਦ ਮੈਂਬਰਾਂ ਅਤੇ ਆਜ਼ਾਦ ਜਿੱਤੇ ਸੰਸਦ ਮੈਂਬਰਾਂ ਨੂੰ ਕਿਸਾਨਾਂ ਦੀਆ 12 ਮੰਗਾਂ ਸਬੰਧੀ ਮੈਮੋਰੰਡਮ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਜੁਲਾਈ ਮਹੀਨੇ ਵਿਚ ਦੋਵੇਂ ਮੰਚਾਂ ਵੱਲੋਂ ਦਿੱਲੀ ਵਿਚ ਇਕ ਕਿਸਾਨ ਸੰਮੇਲਨ ਕੀਤਾ ਜਾਵੇਗਾ। ਉਨ੍ਹਾਂ ਅੱਗੇ ਗੱਲਬਾਤ ਕਰਦਿਆਂ ਕਿਹਾ ਕਿ ਇਸ ਕੜੀ ਤਹਿਤ ਹੀ ਦੱਖਣ ਭਾਰਤ ਦੇ ਕਿਸਾਨਾਂ ਨੇ 24 ਜੂਨ ਨੂੰ ਸ?ਿਵਮੋਗਾ ਵਿਚ ਇਕ ਵਿਸਾਲ ਕਿਸਾਨ ਸੰਮੇਲਨ ਦਾ ਆਯੋਜਨ ਕੀਤਾ ਸੀ ਤਾਂ ਜੋ ਚੱਲ ਰਹੇ ਕਿਸਾਨ ਅੰਦੋਲਨ ਨੂੰ ਹੋਰ ਮਜਬੂਤ ਕੀਤਾ ਜਾ ਸਕੇ। ਲਖਵਿੰਦਰ ਸਿੰਘ ਔਲਖ ਨੇ ਕਿਹਾ ਕਿ ਐੱਸ.ਕੇ.ਐਮ. (ਗੈਰ-ਰਾਜਨੀਤਕ) ਸਤੰਬਰ ਵਿਚ ਹਰਿਆਣਾ ਵਿਚ ਇਕ ਕਿਸਾਨ ਰੈਲੀ ਦਾ ਆਯੋਜਨ ਕਰ ਰਿਹਾ ਹੈ। ਜਿਸ ਵਿਚ ਸਾਰੇ ਰਾਜਾਂ ਦੇ 1 ਲੱਖ ਤੋਂ ਵੱਧ ਕਿਸਾਨ ਹਿੱਸਾ ਲੈਣਗੇ ਤਾਂ ਜੋ ਕਿਸਾਨਾਂ ਲਈ ਐੱਮ.ਐੱਸ.ਪੀ. ਦਾ ਗਾਰੰਟੀ ਕਾਨੂੰਨ ਬਣਾਉਣ ਲਈ ਮੌਜੂਦਾ ਐੱਨ.ਡੀ.ਏ. ਸਰਕਾਰ ਉੱਤੇ ਦਬਾਅ ਬਣਾਇਆ ਜਾ ਸਕੇ। ਕਿਸਾਨ ਆਗੂਆਂ ਨੇ ਅੱਗੇ ਕਿਹਾ ਕਿ ਫਰਵਰੀ ਵਿਚ ਕੇਂਦਰ ਸਰਕਾਰ ਨਾਲ ਗੱਲਬਾਤ ਦੇ 4 ਦੌਰਾਂ ਵਿਚ ਉਨ੍ਹਾਂ ਨੇ ਦੱਖਣ ਭਾਰਤ ਦੇ ਕਿਸਾਨਾਂ ਨਾਲ ਸਬੰਧਤ ਮੁੱਦਿਆਂ ਨੂੰ ਜੋਰਦਾਰ ਢੰਗ ਨਾਲ ਉਠਾਇਆ ਸੀ। ਜਿਵੇਂ ਕਿ ਮਜਬੂਤ ਢਾਂਚੇ ਵਾਲੇ ਮਸਾਲਾ ਅਯੋਗ ਦਾ ਗਠਨ, ਨਾਰੀਅਲ ਅਤੇ ਗੰਨਾ ਕਿਸਾਨਾਂ ਲਈ ਡਾ. ਸਵਾਮੀਨਾਥਨ ਕਮਿਸਨ ਦੀ ਰਿਪੋਰਟ ਅਨੁਸਾਰ ਸੀ-2+50% ਫਾਰਮੂਲੇ ਮੁਤਾਬਕ ਫਸਲਾਂ ਦਾ ਭਾਅ ਆਦਿ। ਕਿਸਾਨ ਆਗੂਆਂ ਨੇ ਅੱਗੇ ਗੱਲਬਾਤ ਕਰਦੇ ਹੋਏ ਕਿਹਾ ਕਿ ਐੱਸ.ਕੇ.ਐੱਮ. ਗੈਰ ਰਾਜਨੀਤਕ ਪੂਰੇ ਦੇਸ ਭਰ ਵਿਚ ਕਿਸਾਨ ਭਾਈਚਾਰੇ ਵਿਚ ਏਕਤਾ ਨੂੰ ਮਜਬੂਤ ਕਰਨ ਲਈ ਸਖਤ ਮਿਹਨਤ ਕਰ ਰਿਹਾ ਹੈ।

# ਪੰਜਾਬ ਸਰਕਾਰ ਦਾ ਅਹਿਮ ਫੈਸਲਾ, 4 ਮਹੀਨਿਆਂ ਲਈ ਇਕੱਠੀ ਦਿੱਤੀ ਜਾਵੇਗੀ ਕਣਕ

ਚੰਡੀਗੜ੍ਹ 1 ਜੁਲਾਈ। ਪੰਜਾਬ ਸਰਕਾਰ ਵੱਲੋਂ ਘਰ-ਘਰ ਰਾਸਨ ਸਕੀਮ ਤਹਿਤ ਆਟੇ ਦੀ ਬਜਾਏ ਹੁਣ ਕਣਕ ਦਿੱਤੀ ਜਾਵੇਗੀ। ਇਸ ਤੋਂ ਪਹਿਲਾਂ ਇਸ ਸਕੀਮ ਤਹਿਤ 70 ਫੀਸਦੀ ਲਾਭਪਾਤਰੀਆਂ ਨੂੰ ਆਟਾ ਦਿੱਤਾ ਜਾਂਦਾ ਸੀ। ਹੁਣ ਇਹ ਕਣਕ ਘਰ-ਘਰ ਨਹੀਂ ਸਗੋਂ ਰਾਸਨ ਡਿਪੂਆਂ ਰਾਹੀਂ ਹੀ ਦਿੱਤੀ ਜਾਵੇਗੀ। 1 ਜੁਲਾਈ ਤੋਂ ਹੁਣ ਪ੍ਰਤੀ ਵਿਅਕਤੀ 5 ਕਿਲੋ ਕਣਕ 20 ਕਿਲੋ ਇਕ ਵਾਰ ਵਿਚ ਦਿੱਤੀ ਜਾਂਦੀ ਸੀ। ਚੋਣਾਂ ਦੌਰਾਨ ਲੋਕਾਂ ਵੱਲੋਂ ਆਟੇ ਦੀ ਗੁਣਵੱਤਾ ਨੂੰ ਲੈ ਕੇ ਸਵਾਲ ਚੁੱਕੇ ਗਏ ਸਨ ਅਤੇ ਆਖਿਆ ਗਿਆ ਸੀ ਕਿ ਆਟਾ ਚੰਗਾ ਨਹੀਂ ਹੈ। ਆਟਾ ਪੀਸਣ 'ਚ ਵੀ ਕਾਫੀ ਸਮਾਂ ਲੱਗ ਰਿਹਾ ਸੀ, ਇਸ ਲਈ ਹੁਣ ਕਣਕ ਸਿੱਧੀ ਦਿੱਤੀ ਜਾਵੇਗੀ। ਲੋਕ ਆਪਣੇ ਘਰਾਂ ਵਿਚ ਕਣਕ ਲੈ ਕੇ ਆਉਂਦੇ ਸਨ, ਇਸ ਨੂੰ ਧੋ ਕੇ ਸੁਕਾ ਕੇ ਆਟਾ ਬਣਾ ਲਿਆ ਜਾਂਦਾ ਸੀ ਪਰ ਉਨ੍ਹਾਂ ਨੂੰ ਭਰੋਸਾ ਨਹੀਂ ਸੀ ਕਿ ਉਨ੍ਹਾਂ ਨੂੰ ਮਿਲ ਰਿਹਾ ਆਟਾ ਚੰਗਾ ਹੈ ਜਾਂ

ਨਹੀਂ, ਇਸ ਲਈ ਲੋਕਾਂ ਵੱਲੋਂ ਕਣਕ ਦੀ ਮੰਗ ਕੀਤੀ ਗਈ ਸੀ। ਰਾਸਟਰੀ ਖੁਰਾਕ ਸੁਰੱਖਿਆ ਕਾਨੂੰਨ ਤਹਿਤ ਆਟਾ ਜਾਂ ਕਣਕ ਖਰੀਦਣ ਦਾ ਬਦਲ ਸੀ। ਹੁਣ ਇਹ ਵੰਡ ਪ੍ਰਣਾਲੀ ਮਾਰਕਫੈੱਡ ਵੱਲੋਂ ਆਪਣੀਆਂ ਦੁਕਾਨਾਂ ਰਾਹੀਂ ਚਲਾਈ ਜਾਵੇਗੀ। ਇਸ ਸਬੰਧੀ ਮਾਰਕਫੈੱਡ ਦੇ ਸਮੂਹ ਜ?ਿਲ੍ਹਾ ਮੈਨੇਜਰਾਂ ਦੀ ਮੀਟਿੰਗ ਮਾਰਕਫੈੱਡ ਦੇ ਪ੍ਰਬੰਧਕੀ ਨਿਰਦੇਸਕ ਗਿਰੀਸ ਦਿਆਲਨ ਦੀ ਪ੍ਰਧਾਨਗੀ ਹੇਠ ਹੋਈ। 1 ਜੁਲਾਈ ਤੋਂ ਪਨਗ੍ਰੇਨ ਵੱਲੋਂ ਕਣਕ ਦੀ ਵੰਡ ਕੀਤੀ ਜਾਵੇਗੀ ਅਤੇ ਰਾਸਨ ਡਿਪੂ ਹੋਲਡਰਾਂ ਨੂੰ ਵੀ ਪਹਿਲਾਂ ਵਾਂਗ ਹੀ ਕਣਕ ਦੀ ਵੰਡ ਕੀਤੀ ਜਾਵੇਗੀ। ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਇਸ ਵਾਰ ਤਿੰਨ ਮਹੀਨਿਆਂ ਦਾ ਅਨਾਜ (ਪ੍ਰਤੀ ਲਾਭਪਾਤਰੀ 5 ਕਿਲੋ ਪ੍ਰਤੀ ਮਹੀਨਾ) ਵੰਡਣ ਦੀ ਬਜਾਏ ਚਾਰ ਮਹੀਨਿਆਂ ਲਈ ਯਾਨੀ ਜੁਲਾਈ ਤੋਂ ਅਕਤੂਬਰ ਤੱਕ ਦੀ ਕਣਕ ਵੰਡੀ ਜਾਵੇਗੀ।

## ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਸਬੰਧੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਹੋਇਆ ਸਮਾਗਮ

ਅੰਮ੍ਰਿਤਸਰ 1 ਜੁਲਾਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਸਬੰਧੀ ਸਮਾਗਮ ਕਰਵਾਇਆ ਗਿਆ। ਇਸ ਸਮੇਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਭਾਈ ਸਰਵਨ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਭਾਈ ਵਿਸ਼ਾਲ ਸਿੰਘ ਕਥਾਵਾਚਕ ਨੇ ਸਰਵਣ ਕਰਵਾਇਆ। ਉਨ੍ਹਾ ਸੰਗਤ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਇਤਿਹਾਸ ਬਾਰੇ ਵਿਚਾਰਾਂ ਕੀਤੀਆਂ। ਭਾਈ ਵਿਸ਼ਾਲ ਸਿੰਘ ਨੇ ਕਿਹਾ ਕਿ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਆਪਣੇ ਰਾਜ ਵਿਚ ਹਰ ਧਰਮ ਦੇ ਲੋਕਾਂ ਦੀ ਮਦਦ ਕਰਦੇ ਸਨ ਅਤੇ ਉਨ੍ਹਾਂ ਦੇ ਰਾਜ ਅੰਦਰ ਸਭ ਨੂੰ ਧਾਰਮਿਕ ਅਜ਼ਾਦੀ ਦਾ ਅਧਿਕਾਰ ਪ੍ਰਾਪਤ ਸੀ। ਇਹੀ ਕਾਰਨ ਹੈ ਕਿ ਮਹਾਰਾਜਾ ਰਣਜੀਤ ਸਿੰਘ ਵੱਲੋਂ ਕੀਤੇ ਕਾਰਜਾਂ ਨੂੰ ਅੱਜ ਵੀ ਦੁਨੀਆ ਯਾਦ ਕਰਦੀ ਹੈ। ਸਮਾਗਮ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਧਰਮ ਪ੍ਰਚਾਰ ਕਮੇਟੀ ਦੇ ਸੁਪਰਡੈਂਟ ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਸਤਨਾਮ ਸਿੰਘ ਰਿਆੜ, ਵਧੀਕ ਮੈਨੇਜਰ ਬਿਕਰਮਜੀਤ ਸਿੰਘ, ਜੁਗਰਾਜ ਸਿੰਘ, ਮੀਤ ਮੈਨੇਜਰ ਵੀ ਹਾਜਰ ਸਨ।

# 2000 ਰੁਪਏ ਦੇ 97.87 ਫੀਸਦੀ ਨੋਟ ਆਏ ਵਾਪਸ, 7,581 ਕਰੋੜ ਰੁਪਏ ਦੇ ਨੋਟ ਅਜੇ ਵੀ ਲੋਕਾਂ ਕੋਲ

**ਕਿਸ਼ਨ ਪਾਲ**

ਮੁੰਬਈ 1 ਜੁਲਾਈ। ਭਾਰਤੀ ਰਿਜਰਵ ਬੈਂਕ (ਆਰ.ਬੀ.ਆਈ.) ਨੇ ਸੋਮਵਾਰ ਨੂੰ ਕਿਹਾ ਕਿ 2000 ਰੁਪਏ ਦੇ 97.87 ਫੀਸਦੀ ਨੋਟ ਬੈਂਕਾਂ ਵਿਚ ਵਾਪਸ ਆ ਗਏ ਹਨ। ਸਿਰਫ 7,581 ਕਰੋੜ ਰੁਪਏ ਦੇ ਬੰਦ ਕੀਤੇ ਨੋਟ ਹੀ ਲੋਕਾਂ ਕੋਲ ਮੌਜੂਦ ਹਨ। ਨੇ 19 ਮਈ 2023 ਨੂੰ 2000 ਰੁਪਏ ਦੇ ਨੋਟਾਂ ਨੂੰ ਸਰਕੂਲੇਸਨ ਤੋਂ ਵਾਪਸ ਲੈਣ ਦਾ ਐਲਾਨ ਕੀਤਾ ਸੀ। 19 ਮਈ, 2023 ਨੂੰ ਕਾਰੋਬਾਰ ਦੀ ਸਮਾਪਤੀ 'ਤੇ ਸਰਕੂਲੇਸ਼ਨ ਵਿਚ 2000 ਰੁਪਏ ਦੇ ਬੈਂਕ ਨੋਟਾਂ ਦੀ ਕੁੱਲ ਕੀਮਤ 3.56 ਲੱਖ ਕਰੋੜ ਰੁਪਏ ਸੀ। 28 ਜੂਨ 2024 ਨੂੰ ਕਾਰੋਬਾਰ ਦੀ ਸਮਾਪਤੀ 'ਤੇ ਇਹ ਘਟ ਕੇ 7,581 ਕਰੋੜ ਰੁਪਏ ਰਹਿ ਗਿਆ। ਕੇਂਦਰੀ ਬੈਂਕ ਨੇ ਇੱਕ ਬਿਆਨ ਵਿੱਚ ਕਿਹਾ, "ਇਸ ਤਰ੍ਹਾਂ 28 ਜੂਨ 2024 ਤੱਕ 2000 ਰੁਪਏ ਦੇ ਬੈਂਕ ਨੋਟਾਂ ਨੂੰ ਜਮ੍ਹਾਂ ਕਰਨ ਜਾਂ ਬਦਲਣ ਦੀ ਸਹੂਲਤ ਦੇਸ਼ ਦੀਆਂ ਬੈਂਕ ਸ਼ਾਖਾਵਾਂ ਵਿਚ ਮੌਜੂਦ ਸੀ। 19 ਮਈ, 2023 ਤੋਂ, ਰਿਜਰਵ ਬੈਂਕ ਦੇ 19 ਇਸੂ ਦਫਤਰਾਂ ਵਿੱਚ 2000 ਰੁਪਏ ਦੇ ਬੈਂਕ ਨੋਟ

ਬਦਲਣ ਦੀ ਸਹੂਲਤ ਉਪਲਬਧ ਰਹੀ। ਆਰਬੀਆਈ ਦੇ ਜਾਰੀ ਦਫਤਰ ਵੀ 9 ਅਕਤੂਬਰ, 2023 ਤੋਂ ਵਿਅਕਤੀਆਂ ਅਤੇ ਸੰਸਥਾਵਾਂ ਤੋਂ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਾਉਣ ਲਈ 2000 ਰੁਪਏ ਦੇ ਨੋਟ ਸਵੀਕਾਰ ਕਰ ਰਹੇ ਹਨ। ਇਸ ਤੋਂ ਇਲਾਵਾ ਲੋਕ ਦੇਸ ਦੇ ਕਿਸੇ ਵੀ ਡਾਕਘਰ ਤੋਂ 2000 ਰੁਪਏ ਦੇ ਬੈਂਕ ਨੋਟ ਆਪਣੇ ਬੈਂਕ ਖਾਤਿਆਂ ਵਿੱਚ ਜਮ੍ਹਾ ਕਰਵਾਉਣ ਲਈ ਆਰਬੀਆਈ ਦੇ ਕਿਸੇ ਵੀ ਜਾਰੀ ਦਫਤਰ ਨੂੰ ਭੇਜ ਰਹੇ ਹਨ। ਰਿਜਰਵ ਬੈਂਕ ਦੇ 19 ਦਫਤਰ ਜੋ ਬੈਂਕ ਨੋਟ ਜਮ੍ਹਾ/ਵਟਾਂਦਰਾ ਕਰਦੇ ਹਨ ਉਹ ਹਨ ਅਹਿਮਦਾਬਾਦ, ਬੈਂਗਲੁਰੂ, ਬੇਲਾਪੁਰ, ਭੋਪਾਲ, ਭੁਵਨੇਸਵਰ, ਚੰਡੀਗੜ੍ਹ, ਚੇਨਈ, ਗੁਹਾਟੀ, ਹੈਦਰਾਬਾਦ, ਜੈਪੁਰ, ਜੰਮੂ, ਕਾਨਪੁਰ, ਕੋਲਕਾਤਾ, ਲਖਨਊ, ਮੁੰਬਈ, ਨਾਗਪੁਰ, ਨਵੀਂ ਦਿੱਲੀ, ਪਟਨਾ ਅਤੇ ਤਿਰੂਵਨੰਤਪੁਰਮ ਵਿਚ ਹੈ। ਜ?ਿਕਰਯੋਗ ਹੈ ਕਿ ਨਵੰਬਰ 2016 'ਚ ਮੌਜੂਦਾ 1000 ਅਤੇ 500 ਰੁਪਏ ਦੇ ਬੈਂਕ ਨੋਟਾਂ ਨੂੰ ਸਰਕੂਲੇਸਨ ਤੋਂ ਹਟਾਏ ਜਾਣ ਤੋਂ ਬਾਅਦ 2000 ਰੁਪਏ ਦੇ ਬੈਂਕ ਨੋਟ ਪੇਸ ਕੀਤੇ ਗਏ ਸਨ।

## ਦੀਨਾਨਗਰ 'ਚ ਭਿਆਨਕ ਹਾਦਸਾ, ਬੱਸ ਦੀ ਲਪੇਟ 'ਚ ਆਉਣ ਕਾਰਣ ਨੌਜਵਾਨ ਦੀ ਦਰਦਨਾਕ ਮੌਤ

ਦੀਨਾਨਗਰ 1 ਜੁਲਾਈ। ਦੀਨਾਨਗਰ ਦੇ ਨੇੜੇ ਪਨਿਆੜ ਸੂਗਰ ਮਿੱਲ ਕ